ਗੁ. ਨਾ ਸਾਹਿਬ ਦਾ ਇਕ ਸਿੱਖ। ਪੁਰਾਤਨ ਜਨਮ ਸਾਖੀ ਅਨੁਸਾਰ ਪਹਿਲੀ ਉਦਾਸੀ ਸਮੇਂ ਜਦੋਂ ਗੁ. ਜੀ 'ਬਿਸੀਅਰ ਦੇਸ' ਗਏ ਤਾਂ ਇਹ ਗੁ. ਜੀ ਨੂੰ ਮਿਲਿਆ ਅਤੇ 'ਜੁਗਾਵਲੀ' ਇਸੇ ਨੇ ਹੀ ਲਿਖੀ[614]- **ਪੁਰਾ: ੨੯**/੯੪. **ਬਾਲਾ: ੨੨**/੨੫0; **੨੬**/੨੬੫-੭੭16 (ਝੰਡਾ ਬਾਢੀ ਤਖਾਣ, ਭਾਈ ਝੰਡਾ/ਜੀ32, ਝੰਡਾ/ਡੇ65, ਭਾਈ ਜੀ); **੨੭**/੨੭੭-੭੮2 (ਪੂਰਨ ਮਹਾਂ ਪੁਰਖੁ). **ਗਗ.੧: ਪੂ.੯**/੪੦੧.

'ਝੰਡਾ ਬੁੰਗਾ'

---

613 ਉਹੀ, ਪੰ. 547.

614 ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 123.

ਅੰਮ੍ਰਿਤਸਰ ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਤੇ ਅਕਾਲ ਤਖ਼ਤ ਦੇ ਵਿਚਕਾਰਲੇ ਖੁੱਲ੍ਹੇ ਮੈਦਾਨ ਦੀ ਉਤਰ ਵਿਚ ਉਹ ਬੁੰਗਾ ਜਿੱਥੇ ਦੋ ਉਚੇ ਕੇਸਰੀ ਨਿਸ਼ਾਨ ਖੜੇ ਹਨ[615]- **ਭੰਗੂ: ੬੮**/੧੫੯ (ਝੰਡੈ ਬੁੰਗੈ).

ਝਨਾਉ/ਝਨਾਬ

ਹਿਮਾਲਯ ਦੇ ਚੰਦ੍ਰ ਭਗਾ ਨਾਮਕ ਅਸਥਾਨ ਤੋਂ ਨਿਕਲਦੀ ਹੋਈ ਨਦੀ। ਇਸ ਨੂੰ ਚਨਾਬ ਵੀ ਕਿਹਾ ਜਾਂਦਾ ਹੈ[616]- **ਭੰਗੂ: ੧੪੪**/੩੭੫ **ਗਗ.੧: ਪੂ.੪**/੩੧੪ (ਚੰਦ੍ਰ-ਭਗਾ). **ਗਗ.੫: ਉ.੪੩**/੨੪੩੩; **ਉ.੫੭**/੨੫੬੫, ੬੯; **ਉ.੫੯**/੨੭੬੧.

ਝਬਰਾ ਸਿੰਘ

ਰਤੋਂ ਪਿੰਡ ਦਾ ਨਿਵਾਸੀ, ਵਡਭਾਗ ਸਿੰਘ ਸੋਢੀ ਨੇ ਜਦ ਜਲੰਧਰ ਦੇ ਹਾਕਮ ਨਾਸਰ ਅਲੀ ਨੂੰ ਸਜਾ ਦਿਤੀ ਸੀ ਤਾਂ ਝਬਰਾ ਸਿੰਘ ਨੇ ਉਸਦੀ ਬੇਟੀ ਬਰੀ ਸੀ- **ਗਗ.੪: ਉ.੨੦**/੨੦੨੩. **ਗਗ.੫: ਉ.੩੭**/੨੩੪੧ (ਝਬਰਾ ਸਿੰਘ ਰੱਤੋਂ ਕਯਾਂ ਵਾਲੇ).

ਝਬਾਲ

ਵੇ. 'ਚੁਭਾਲ'

ਝੱਲ ਝੂਡ/ਝੂੰਡ

ਮਾਲਵੇ ਦਾ ਕੋਈ ਨਗਰ, ਸ਼ਾਇਦ ਬਰਨਾਲੇ ਦੇ ਆਸ-ਪਾਸ ਸੰਗਰੂਰ ਜ਼ਿਲ੍ਹੇ 'ਚ। ਪਟਿਆਲਾ ਦੇ ਰਾਜਾ ਆਲਾ ਸਿੰਘ ਨੇ ਕੁਛ ਸਮੇਂ ਨਵਾਬ ਕਪੂਰ ਸਿੰਘ ਦੀ ਅਗਵਾਈ 'ਚ ਪੰਥ ਨੂੰ ਕੁਝ ਸਮਾਂ ਬਰਨਾਲਾ ਦੇ ਆਸ-ਪਾਸ ਪਿੰਡਾਂ 'ਚ ਠਹਿਰਾਇਆ ਸੀ ਅਤੇ ਦੁਸ਼ਮਨਾਂ ਦਾ ਇਹ ਪਿੰਡ ਪੰਥ ਨੇ ਲੁੱਟਿਆ ਸੀ- **ਗਗ.੪: ਉ.੨੮**/੨੧੬੫. **ਗਗ.੫: ਉ.੪੧**/੨੪੦੦; **ਉ.੫੪**/੨੭੦੯.

'ਝਲੀ/ਝਲੀਆਂ'

ਇਹ ਪਿੰਡ ਅੱਜ-ਕੱਲ੍ਹ ਸ਼ਾਇਦ ਪਾਕਿਸਤਾਨ 'ਚ ਹੈ[617]- **ਭੰਗੂ: ੮੦.੧**/੧੮੭ (ਝਲੀਯੋ).

---

[615] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 159 (ਫੁਨੋ.)।

[616] *ਮਹਾਨਕੋਸ਼, ਪੰ. 483.*

[617] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 187 (ਫੁਨੋ.)।

‘ਝਾਂਜ ਸਾਹਿ’

ਹਾਂਸੀ ਦਾ ਇਕ ਅੰਗਰੇਜ਼ ਅਫ਼ਸਰ, ਜਿਸ ਨੂੰ ਸਤਲੁਜ਼ ਕਿਨਾਰੇ ਸ. ਬਘੇਲ ਸਿੰਘ ਨੇ ਹਰਾਇਆ- **ਗਗ.੫: ਉ.੪੯**/੨੫੧੫ (ਝਾਂਜ ਸਾਹਿਬ, ਝਾਂਜੈ, ਜਹਾਜ ਫਿਰੰਗੀ).

ਝਾਬਰ ਸਿੰਘ

‘ਤਾਰਾ ਸਿੰਘ ਵਾਂ’ ਦੇ ਜਥੇ ਦਾ ਕੋਈ ਸੂਰਮਾ- **ਭੰਗੂ: ੮੦.੧**/੧੮੭.

ਝਾੜੂ ਕਲਾਲ

ਗੁਰੂ ਨਾਨਕ ਦੇਵ ਦੇਵ ਜੀ ਦਾ ਇਕ ਸਿੱਖ, ਪੁਰਾਤਨ ਜਨਮ ਸਾਖੀ ਅਨੁਸਾਰ ਜਦ ਗੁਰੂ ਨਾਨਕ ਜੀ ਬਾਬਰ ਦੀ ਕੈਦ ਵਿਚ ਸਨ, ਤਾਂ ਇਹ ਵੀ ਉਸ ਸਮੇਂ ਬੰਦੀ ਸੀ। ਗੁਰੂ ਨਾਨਕ ਜੀ ਨੇ ਜੋ ਬਾਣੀ ਉਥੇ ਉਚਾਰੀ, ਇਸ ਨੇ ਲਿਖੀ ਸੀ[618]- **ਪੁਰਾ: ੩੫**/੧੨੭.

ਝਿਗੜ

ਗੁਰੂ ਨਾਨਕ ਸਾਹਿਬ ਦੇ ਨਾਨਾ ਜੀ, ਮਾਤਾ ਤ੍ਰਿਪਤਾ ਦੇ ਪਿਤਾ[619]- **ਬਾਲਾ: ੯**/੨੦੧.

ਝਿਲਮਿਲ ਨਾਥ

ਕੋਈ ਸਿਧ ਜੋਗੀ- **ਹਰਿ.੨: ੭**/੯੮.

ਝਿਲੇਰੇ

ਮਾਲਵੇ ਦਾ ਕੋਈ ਪਿੰਡ ਤਪੇ-ਬਰਨਾਲੇ ਦੇ ਆਸ-ਪਾਸ- **ਗਗ.੪: ਉ.੩੧**/੨੨੧੫.

ਝੀਤੈ ਗ੍ਰਾਮ

ਅੰਮ੍ਰਿਤਸਰ ਜ਼ਿਲ੍ਹੇ ਦਾ, ਜੰਡਿਆਲਾ-ਤਰਨ ਤਾਰਨ ਸੜਕ ਉਤੇ ਸਥਿਤ ਪਿੰਡ[620]- **ਭੰਗੂ: ੮੪.੨**/੨੦੯. **ਗਗ.੪: ਉ.੨੭**/੨੧੫੯ (ਝੀਤਾ).

ਝੁਨਕੂ-ਰਾਵ

---

[618] ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 124.

[619] ਉਹੀ।

[620] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.); *ਪੂਰਵ ਅੰਕਿਤ, ਪੰ. 209 (ਫੁਨੋ.)।*

ਕੋਈ ਮਰਾਠਾ ਸਰਦਾਰ- **ਭੰਗੂ: ੧੨੧**/੩੨੪ (ਭੁਨਕਰ); **੧੨੪**/੩੨੭; **੧੩੧**/੩੩੪. **ਗਗ.੫: ਪੂ.੩੮**/੨੩੪੮, ੫੫.

ਛੈਂਗੜ ਸ਼ਾਹੈ

ਸੁਥਰੇ ਸ਼ਾਹ ਦੇ ਚੇਲੇ ਰਜਾਲ-ਸ਼ਾਹਿ ਦਾ ਚੇਲਾ- **ਗਗ.੫: ਉ.੫੯**/੨੮੪੫-੪੬2.

ਟਹਲ ਸਿੰਘ

ਕੋਈ 'ਮੁਕਤਾ' ਸਿੱਖ- **ਮਪ.ਵ: ੧੬੯/**੨੧੩.

'ਟਹਿਲਪੁਰਾ'

ਫਤਹਿਗੜ੍ਹ ਸਾਹਿਬ ਜਿਲ੍ਹੇ ਤਹਿਸੀਲ ਸਰਹੰਦ, ਥਾਣਾ ਮੂਲੇਪੁਰ ਦਾ ਪਿੰਡ, ਇਥੇ 9ਵੇਂ ਸਤਿਗੁਰੂ ਜੀ ਬਿਰਾਜੇ ਸਨ[621]- **ਗਗ.੨: ਪੂ.੩੪/**੧੦੦੯ (ਟਹਿਲਪੁਰੇ).

ਟਕਾਰੀ

ਬਿਹਾਰ ਰਾਜ ਦਾ ਕੋਈ ਕਸਬਾ- **ਗਗ.੧: ਪੂ.੬**/੩੬੯; **ਪੂ.੭**/੩੭0.

ਟਟੀਹਰ/ਰੁ, ਸੇਖ

ਪਾਣੀ ਪਾਥਿ ਦੇ ਇਕ ਮੁਸਲਮਾਨ ਫ਼ਕੀਰ ਸੇਖੁ ਸਰਫ ਦਾ ਚੇਲਾ- **ਪੁਰਾ: ੧੪**/੫੪੫. **ਗਗ.੧: ਪੂ.੬**/੩੬੬ (ਸੇਖ਼ ਟਟੀਰੀ).

ਟਾਕਰੇ

ਗੁਰੂ ਅੰਗਦ ਦੇਵ ਜੀ ਦੇ ਸਮੇਂ ਪ੍ਰਚਲਿਤ ਕਿਸੇ ਲਿਪੀ ਦਾ ਨਾਂ- ਛਿਬਰ**: ੧੨**/੧੩੯.

ਟਾਂਡਾ, ਵਣਜਾਰਿਆਂ ਦਾ

ਨਾਨਕ ਮਤੇ ਤੋਂ ਲਗਪਗ ਸੱਤ ਮੀਲ ਦੱਖਣ ਵੱਲ ਇਕ ਨਗਰ, ਜਿਸ ਨੂੰ ਵਣਜਾਰਿਆਂ ਦਾ ਟਾਂਡਾ ਕਿਹਾ ਜਾਂਦਾ ਹੈ[622]- **ਪੁਰਾ: ੧੯**/੬੫.

ਟਿਕੇ ਦੀ ਵਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ (ਅੰਗ-966-68) ਰਾਮਕਲੀ ਰਾਗ ਵਿਚ ਦਰਜ 'ਸੱਤਾ ਅਤੇ ਬਲਵੰਡ' ਦੀ ਰਚਨਾ ਦਾ ਨਾਂ- **ਗੁ.ਬਿ.੬: ੧੬**/੫੪੦ (ਟਿਕਵਾਰ). **ਮਪ.ਵ: ੨੫**/੬੧.

---

[621] *ਮਹਾਨਕੋਸ਼,* ਪੰਨਾ 548.

[622] ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 124.

ਟਿਬਾ

ਕੀਤਰਪੁਰ ਵਿਖੇ ਉਹ ਸਥਾਨ ਜਿੱਥੇ 6ਵੇਂ ਪਾਤਸ਼ਾਹ ਸਾਂਈ 'ਬੁੱਢਣ ਸ਼ਾਹ' ਨੂੰ ਮਿਲੇ- **ਗੁ.ਬਿ.੬: ੨੧**/੭੫੦.

ਟਿਬੀ/ਟਿੱਬੀ

ਪੰਜਾਬ ਦੇ ਮੁਕਤਸਰ ਜ਼ਿਲ੍ਹੇ ਦੇ ਨਜ਼ਦੀਕ ਇੱਕ ਟਿਬੀ, ਜਿਸ ਉਪਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹੀ ਸੈਨਾ 'ਤੇ ਤੀਰ ਵਰਸਾਏ ਸਨ[623]- **ਭੰਗੂ: ੨੩**/੬੪. **ਗਗ.੩: ਪੂ.੬੮**/੧੬੭੬.

ਟੀਕਾ ਰਾਮ

ਭਗਤ ਭਗਵਾਨੀਏ ਸੰਪਰਦਾ ਦੇ ਮੁਖੀ 'ਭਗਤ ਭਗਵਾਨ' ਦਾ ਚੇਲਾ- **ਗਗ.੫: ਉ.੫੯**/੨੮੩੭.

ਟੀਪੂ ਸੁਲਤਾਨ

ਮੈਸੂਰ ਦੇ ਰਾਜਾ ਹੈਦਰਅਲੀ ਦਾ ਪੁੱਤਰ, ਜੋ ਸੰਨ 1749 ਵਿਚ ਜਨਮਿਆ, 1782 ਵਿੱਚ ਗੱਦੀ 'ਤੇ ਬੈਠਾ ਅਤੇ 1799 ਨੂੰ ਅੰਗਰੇਜਾਂ ਨਾਲ ਲੜਦਾ ਹੋਇਆ ਮੈਸੂਰ ਦੇ ਮੁਕਾਮ ਮੋਇਆ[624]- **ਗਗ.੩: ਪ.੫੮**/੧੫੦੦.

ਟੁਹਾਨਾ/ਨੇ

ਹਰਿਆਣਾ ਰਾਜ ਦਾ ਫਤਿਆਬਾਦ ਜ਼ਿਲ੍ਹੇ `ਚ ਪ੍ਰਸਿੱਧ ਨਗਰ- **ਗਗ.੪: ਉ.੪**/੧੭੯੯2, ੧੮੦੬ (ਟੁਹਾਣੈਂ).

ਟੁੰਡਾ

ਵੇ. 'ਅਸਰਾਜ'

ਟੇਹਾ

ਹਰਿਆਣਾ ਰਾਜ ਦੇ ਕਰਨਾਲ ਜ਼ਿਲ੍ਹੇ ਦਾ ਪਿੰਡ, ਕੁੰਜਪੁਰਾ, ਦਾਮਲਾ ਪਿੰਡਾਂ ਦੇ ਨਜ਼ਦੀਕ, ਬੰਦਾ ਬਹਾਦਰ ਦੁਆਰਾ ਜਿੱਤੇ ਪਿੰਡਾਂ 'ਚ ਸ਼ਾਮਿਲ- **ਗਗ.੪: ਉ.੫**/੧੮੦੬, ੧੦.

---

[623] *ਮਹਾਨਕੋਸ਼,* ਪੰ. 551.

[624] ਉਹੀ।

ਟੇਕ

ਸਾਰਸੁਤ ਨਦੀ ਕਿਨਾਰੇ ਕੁਰਖੇਤ੍ਰ ਦਾ ਕੋਈ ਨਗਰ। ਉਦਾਸੀਆਂ ਦੌਰਾਨ ਗੁਰੂ ਤੇਗ ਬਹਾਦਰ ਜੀ ਇਥੇ ਬਿਰਾਜੇ ਸਨ- **ਗਗ.੨: ਪੂ.੩੪**/੧੦੧੮.

ਟੇਕ ਸਿੰਘ[1]

ਕਪੂਰੇ ਬਿਰਾੜ ਦੇ ਪੁੱਤਰ ਮੁਖੀਏ ਦਾ ਪੋਤਰਾ, ਅਤੇ ਜੋਧ ਸਿੰਘ ਦਾ ਪੁੱਤਰ- **ਗਗ.੫: ਉ.੫੫**/੨੭੨੬੩.

ਟੇਕ ਸਿੰਘ[2]

ਘਨ੍ਹਈਆ ਮਿਸਲ ਦਾ ਸੰਗੀ ਕੋਈ ਸਿੱਖ ਸਰਦਾਰ- **ਗਗ.੫: ਉ.੫੭**/੨੭੫੩.

ਟੇਕ ਸਿੰਘ[3]

ਮਜੀਠੇ ਦੇ ਸਰਦਾਰਾਂ ਚੋਂ ਕੋਈ ਵਿਅਕਤੀ- **ਗਗ.੫: ਉ.੫੭**/੨੭੭੯.

ਟੋਕਾ, 'ਸਾਹਿਬ`

ਜ਼ਿਲ੍ਹਾ ਅੰਬਾਲਾ, ਤਹਿਸੀਲ ਥਾਣਾ ਨਾਰਾਇਨਗੜ੍ਹ ਦਾ ਇਕ ਟੋਟਾ ਪਿੰਡ ਹੈ, ਇਸ ਤੋਂ ਇੱਕ ਮੀਲ ਪੱਛਮ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਟੋਕਾ ਸਾਹਿਬ ਹੈ, ਜੋ ਨਾਹਣ ਇਲਾਕੇ ਵਿਚ ਹੈ[625]- **ਗਗ.੩: ਪੂ.੫੬**/੧੪੭੩.

ਟੋਟਾ

ਜ਼ਿਲ੍ਹਾ ਅੰਬਾਲਾ, ਤਹਿਸੀਲ ਥਾਣਾ ਨਾਰਾਇਣਗੜ੍ਹ ਦਾ ਇੱਕ ਪਿੰਡ[626]- **ਗਗ.੩: ਪੂ.੫੬**/੧੪੭੩.

ਟੋਡਰਮੱਲ

ਮੁਗਲ ਸ਼ਾਸਕ ਅਕਬਰ ਦਾ ਦੀਵਾਨ, ਜੋ ਜ਼ਿਲ੍ਹਾ ਲਾਹੌਰ, ਨਗਰ ਚੂਹਣੀਆਂ ਦਾ ਨਿਵਾਸੀ ਸੀ। ਅਕਬਰ ਦੇ ਨੌਂ ਰਤਨਾਂ ਵਿਚ ਟੋਡਰਮੱਲ ਦਾ ਵੀ ਸਥਾਨ ਹੈ[627]- **ਸੁ.੧੦: ੨੧**/੩੩੨. **ਭੰਗੂ: ੨੧.੧**/੫੬; **੮੩**/੨00-0੪੨. **ਗਗ.੧: ਪੂ.੧੬**/੪੭੬ (ਟੋਡਰ ਮੱਲ ਦਿਵਾਨ).

ਟੋਡੀ

---

625 ਉਹੀ, ਪੰ. 552.

626 ਉਹੀ

627 ਉਹੀ

ਇਹ ਟੋਡੀ ਠਾਟ ਦੀ ਸੰਪੂਰਣ ਰਾਗਿਣੀ ਹੈ। ਇਸ ਨੂੰ ਦਿਨ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਦਾ (ਅੰਗ 711-18) ਬਾਰ੍ਹਵਾਂ ਸਥਾਨ ਹੈ[628]- **ਗੁ.ਬਿ.੬: ੪**/੧੦੯; **੮**/੨੩੯.

ਟੋਬਾ

ਖਡੂਰ ਸਾਹਿਬ ਵਿਖੇ ਗੁਰਦੁਆਰਾ 'ਤਪਿਆਨਾ' ਸਾਹਿਬ ਦਾ ਪਹਿਲਾ ਨਾਂ 'ਟੋਬਾ' ਸੀ- **ਮਪ.ਵ: ੧੮**/੫੨ (ਟੋਬਾ/ਟੋਬੇ3, ਤਪਿਆਣਾ).

ਠਸਕਾ

ਜ਼ਿਲ੍ਹਾ ਕਰਨਾਲ, ਤਹਿਸੀਲ, ਥਨੇਸਰ ਦਾ ਇੱਕ ਪਿੰਡ, ਜੋ ਖਾਸ ਥਾਣਾ ਹੈ[629]- **ਗਗ.੨: ਪੂ.੪੫**/੧੨੬੧2.

ਠੱਠੈ

ਠੱਠਾ, ਸਿੰਧ ਨਦੀ ਦੇ ਸੱਜੇ ਕਿਨਾਰੇ ਪਾਕਿਸਤਾਨ ਵਿਚ ਇਕ ਪ੍ਰਸਿੱਧ ਨਗਰ, ਜੋ 1445 ਈ. ਵਿਚ ਆਬਾਦ ਹੋਇਆ[630]- **ਭੰਗੂ: ੩੨**/੮੩.

ਠਾਕੁਰ ਸਿੰਘ[1]

ਭੰਗੀ ਮਿਸਲ ਦੇ ਆਖਰੀ ਸਰਦਾਰ, ਸ. ਗੁਰਦਿੱਤ ਸਿੰਘ ਦਾ ਪੁੱਤਰ- **ਗਗ.੫: ਉ.੫੨**/੨੬੬੧2.

ਠਾਕੁਰ ਸਿੰਘ[2]

ਸਿੰਘ ਸਭਾ ਲਹਿਰ ਦੇ ਸੰਸਥਾਪਕਾਂ ਵਿਚੋਂ ਇਕ, ਠਾਕੁਰ ਸਿੰਘ ਸੰਧਾਵਾਲੀਆ ਜਿਸ ਦਾ ਜਨਮ ਮਹਾਰਾਜਾ ਸਿੰਘ ਦੇ ਪੂਰਵਜਾਂ ਵਿਚੋਂ ਸ. ਲਹਿਣਾ ਸਿੰਘ ਸੰਧਾਲੀਆ ਦੇ ਘਰ ਹੋਇਆ[631]- **ਗਗ.੫: ਉ.੫੭**/੨੭੫੦.੫੧6.

ਠਾਕੁਰ ਸਿੰਘ[3]

ਮਾਤਾ ਸਾਹਿਬ ਕੌਰ ਜੀ ਦਾ ਸੇਵਾਦਾਰ-ਛਿਬਰ: **੧੩**/੧੪੨.

---

628 ਉਹੀ, ਪੰ. 553.

629 *ਮਹਾਨਕੋਸ਼,* ਪੰ. 553.

630 ਡਾ. ਬਲਵੰਤ ਸਿੰਘ ਢਿਲੋਂ (ਸੰਪਾ.), *ਪੂਰਵ ਅੰਕਿਤ,* ਪੰ. 83 (ਫੁਨੋ.)

631 ਡਾ. ਰਤਨ ਸਿੰਘ ਜੱਗੀ (ਸੰਪਾ.), *ਪੂਰਵ ਅੰਕਿਤ (ਜਿ. ਤੀਜੀ),* ਪੰ. 1013.

ਠਾਕੁਰ ਦਾਸ ਸੋਢੀ

ਗੁਰੂ ਰਾਮਦਾਸ ਦੇ ਦਾਦਾ ਜੀ- ਛਿਬਰ: **੪**/੩੨.

ਠੀਕਰਿ ਨਾਥ

ਕੋਈ ਸਿੱਧ ਜੋਗੀ- **ਹਰਿ.੨: ੭**/੯੦੨.

'ਠੀਕਰੀਵਾਲ'

ਸੰਗਰੂਰ ਜ਼ਿਲ੍ਹੇ ਦਾ ਬਰਨਾਲਾ ਦੇ ਨਜ਼ਦੀਕ ਮਸ਼ਹੂਰ ਪਿੰਡ- **ਭੰਗੂ: ੮੬**/੨੧੩ (ਠੀਕਰੀਵਾਰੇ); **੮੭**/੨੧੪. **ਗਗ.੪: ਉ.੨੮**/੨੧੬੬-੬੭੨.

'ਡਖਣਾ'

ਸ੍ਰੀ ਗੁਰੂ ਨਾਨਕ ਦੇਵ ਦੇਵ ਜੀ ਦੀ ਜਨਮਭੂਮਿ ਤੋਂ ਦੱਖਣ ਵੱਲ ਦੀ ਭਾਸ਼ਾ, ਅਰਥਾਤ ਮੁਲਤਾਨ, ਸਾਹੀਵਾਲ ਦੇ ਇਲਾਕੇ ਦੀ ਬੋਲੀ ਵਿਚ ਜੋ ਰਚਨਾ ਹੈ, ਉਹ 'ਡਖਣੇ' ਨਾਮ ਤੋਂ ਗੁਰਬਾਣੀ ਵਿਚ ਦਰਜ ਹੈ[632]- **ਗੁ.ਬਿ.੬: ੭**/੧੭੯ (ਡਖਣੇਵਾਰ); **੯**/੪੦੪ (ਡਖਣੇ ਵਾਰ).

ਡਰੋਲੀ/ਡਰੋਲੀ

ਪੰਜਾਬ ਦੇ ਮੋਗਾ ਜ਼ਿਲ੍ਹੇ ਦਾ ਇਕ ਪ੍ਰਸਿੱਧ ਕਸਬਾ, ਇਥੇ ਹਰਿਗੋਬਿੰਦ ਪਾਤਸ਼ਾਹ ਦਾ ਸਾਂਢੂ 'ਸਾਂਈਦਾਸ' ਅਤੇ ਉਸਦੀ ਪਤਨੀ 'ਰਾਮੋ' ਰਹਿੰਦੇ ਸਨ। ਗੁ. ਸਾਹਿਬ ਨੇ ਇਥੇ ਇਕ ਖੂਹ ਲਗਵਾਇਆ। ਮਾਤਾ ਦਮੋਦਰੀ ਜੀ ਦਾ ਦੇਹਾਂਤ ਇੱਥੇ ਹੀ ਹੋਇਆ ਸੀ[633]- **ਗੁ.ਬਿ.੬: ੯**/੩੧੨, ੧੬, ੨੭, ੮੪, ੪੧੨; /੧੭/੫੬੯, ੮੫; **੧੮**/੬੩੩; **੧੯**/੯੩੬-੪੬੬. **ਸੁ.੧੦: ੧੧**/੧੬੮. **ਭੰਗੂ: ੧੨੨**/੩੨੬. **ਗਗ.੧: ਪੂ.੨੩**/੫੪੫੩; **ਪੂ.੨੫**/੫੬੪, ੭੧੫.

ਡਲਵਾਂ

---

[632] *ਮਹਾਨਕੋਸ਼,* ਪੰ. 557.

[633] ਉਹੀ, ਪੰ. 558.

ਵਾਂ ਡਲ, ਡਲ ਤੇ ਵਾਂ ਨਾਮ ਦੇ ਦੋ ਪਿੰਡ, ਜੋ ਪੱਟੀ ਦੇ ਇਲਾਕੇ ਵਿਚ ਇਕ-ਦੂਜੇ ਦੇ ਨਜ਼ਦੀਕ ਹੋਣ ਕਾਰਣ 'ਡਲ ਵਾਂ' ਕਰਕੇ ਪ੍ਰਸਿੱਧ ਹਨ[634]- ਛਿਬਰ: **੧੩**/੧੪੩ (ਡਲਵਾਇ); **੧੪**/੧੫੨ (ਡਲਿਵਾਇ). **ਭੰਗੂ: ੮0.੧**/੧੮੩ (ਬਾਂਇ ਡਲ). **ਗਗ.੪: ੳ.੨੧**/੨੦੪੧.

ਡੱਲਾ/ਡੱਲੇ ਨਗਰ

ਰਿਆਸਤ ਕਪੂਰਥਲਾ, ਤਹਿਸੀਲ ਥਾਣਾ ਸੁਲਤਾਨਪੁਰ ਦਾ ਇਕ ਪਿੰਡ, ਜੋ ਰੇਲਵੇ ਸ਼ਟੇਸ਼ਨ ਲੋਹੀਆਂ ਤੋਂ ਤਿੰਨ ਮੀਲ ਪੂਰਵ ਵੱਲ ਹੈ। 6ਵੇਂ ਪਾਤਸ਼ਾਹ ਦਾ ਵਿਆਹ ਮਾਤਾ ਦਮੋਦਰੀ ਜੀ ਨਾਲ ਸੰਮਤ 1661 ਇਸ ਪਿੰਡ ਵਿਚ ਹੋਇਆ[635]- **ਗੁ.ਬਿ.੬: ੫**/੧੩੫-੪੮੫ (ਡੱਲੇ ਸਹਰ); **੮**/੨੦੭, ੩੦੪-੦੭੨; **੯**/੩੮੪, ੪੦੦, ੪੦੬, ੪੧੨; **੧੭**/੫੮੫; **੧੯**/੬੪੮-੪੯੨ **ਮਪ-ਕ, ਭ/ਖ-੨/੧: ੬**/੧੬੮-੭੦੫; **੩੦**/੨੬੮; **੧੯**/੩੭੯. **ਭੰਗੂ: ੮੦.੩**/੧੯੦ (ਡਲੈ). **ਗਗ.੧: ਪੂ.੧੫**/੪੭੨-੭੩੨; **ਪੂ.੧੬**/੪੭੪; **ਪੂ.੨੩**/੫੪੫. **ਗਗ.੩: ਪੂ.੬੮**/੧੬੭੮. **ਗਗ.੪: ੳ.੧੩**/੧੯੧੦; **ੳ.੨੭**/੨੧੫੭-੫੯੩; **ੳ.੩੫**/੨੨੮੭.

> "ਡੱਲਾ ਨਗਰ ਸੰਬੰਧੀ ਡੱਲਾ ਅਤੇ ਡੱਲੇ ਦੋ ਰੂਪਾਂ ਵਿਚ 30 ਦੇ ਲਗਪਗ ਹਵਾਲੇ ਉਕਤ ਗੁ.ਬਿ.੬, ਸੁ.੧੦, ਮਪ(ਕਵਿਤਾ) ਅਤੇ ਦੋਹਾਂ ਪੰਥ ਪ੍ਰਕਾਸ਼ਾਂ ਵਿਚੋਂ ਪ੍ਰਾਪਤ ਹੁੰਦੇ ਹਨ।"

ਡੱਲਾ ਬੈਰਾੜ

ਮਾਲਵੇ ਦੇ ਮੌਜੂਦਾ ਬਠਿੰਡੇ ਜ਼ਿਲ੍ਹੇ ਦੇ ਕਸਬਾ 'ਤਲਵੰਡੀ ਸਾਬੋ' ਦਾ ਜੱਟ ਸਰਦਾਰ। ਇਸਨੇ ਸੰਮਤ 1662-63 ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਿੰਡ ਠਹਿਰਾਇਆ ਸੀ ਅਤੇ ਗੁ. ਜੀ ਤੋਂ ਵਰਦਾਨ ਪ੍ਰਾਪਤ ਕੀਤੇ ਸਨ[636]- **ਕ੍ਰ.੧0: ੧੮**/੨੩੨-੩੩5. **ਸੁ.੧0: ੨੩**/੩੫੮-੬੮ (ਡਲ/ਡਲਾ21, ਬੈਰਾੜ।ਸਬ।ਡਲ, ਡੱਲਾ ਬੈਰਾੜ, ਬੈਰਾੜ); **੨੪**/੩੭੨ (ਡਲਾ). **ਮਪ.ਵ: ੧੩੧**/੧੮੫-੮੬ (ਡਲਾ8,

---

634 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 183 (ਫੁਨੋ.)

635 *ਮਹਾਨਕੋਸ਼,* ਪੰ. 558.

636 ਉਹੀ।

ਡੱਲਾ ਬੈਰਾੜ). **ਭੰਗੂ: ੨੪.੧**/੬੫ (ਬਿਰਾੜ ਡੱਲੈ, ਡੱਲਾ4, ਡੱਲਾ ਸਿੰਘ2) **੨੪.੨**/੬੭ (ਡੱਲੈ ਸਿੰਘ); **੨੫**/੬੮ (ਡੱਲ ਸਿੰਘ, ਡੱਲਾ|ਲੇ|ਲੈ3). **ਗਗ.੩: ਪੂ.੬੮**/੧੬੭੧-੭੫11 (ਡੱਲਾ ਰਾਇ2).

ਡੱਲੇਵਾਲ

ਬਿਸਤ ਦੁਆਬ ਦਾ ਇੱਕ ਪਿੰਡ[637]- **ਭੰਗੂ: ੧੧੨**/੨੯੫; **੧੫੯**/੪੨੪.

ਡੱਲੇਵਾਲੀਆ ਮਿਸਲ

ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਇਕ ਮਿਸਲ, ਜਿਸ ਦਾ ਮੁਖੀਆ ‘ਡੱਲੇਵਾਲ’ ਦਾ ਨਿਵਾਸੀ ਸ. ‘ਗੁਲਾਬ ਸਿੰਘ’ ਸੀ[638]- **ਭੰਗੂ: ੧੧੨**/੨੯੫; **੧੨੨**/੩੨੫; **੧੨੯**/੩੩੦; **੧੩੨**/੩੪੪; **੧੩੬**/੩੫੭.

ਡੀਕ/ਡੀਗ

ਰਿਆਸਤ ਭਰਤਪੁਰ ਦਾ ਇਕ ਪੁਰਾਣਾ ਨਗਰ, ਜੋ ਭਰਤਪੁਰ ਦੇ ਉੱਤਰ ਵਿਚ ਮਥੁਰਾ ਤੋਂ ਅਲਵਰ ਜਾਣ ਵਾਲੀ ਸੜਕ ਉੱਪਰ ਸਥਿਤ ਹੈ[639]- **ਭੰਗੂ: ੧੩੧**/੩੩੪; **੧੫੯**/੪੨੩. **ਗਗ.੧: ਪੂ.੨**/੩੧੭.

ਡੇਰਾ ਬਾਗ

ਆਗਰੇ ਦੇ ਨੇੜੇ ਕੋਈ ਅਸਥਾਨ, ਬਹਾਦਰ ਸ਼ਾਹ ਗੁਰੂ ਗੋਬਿੰਦ ਜੀ ਸਮੇਂ ਇਥੇ ਠਹਿਰਿਆ ਹੋਇਆ ਸੀ- **ਕੁ.10: ੨0**/੨੫੬.

ਡੇਰਾ ਬਸੀ

ਪੰਜਾਬ ਦੇ ‘ਮੋਹਾਲੀ’ ਜ਼ਿਲ੍ਹੇ ਦਾ ਨਗਰ- **ਗਗ.੫: ਉ.੫੬**/੨੭੩੨ (ਡੇਰੇ ਬਸੀ ਗਰਾਮੂ).

ਡੋਡ

ਮਾਲਵੇ ਵਿਚ ਇਕ ਪਿੰਡ, ਜੋ ਜਲਾਲ ਤੋਂ ਸੱਤ ਕੋਹ ਪੱਛਮ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਥੇ ਬਿਰਾਜੇ ਸਨ[640]- **ਭੰਗੂ: ੨੨**/੬੧ (ਡੋਡੈ).

‘ਢੰਡ-ਕਸੇਲ’

---

637 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 295 (ਫੁਨੇ.)।

638 *ਮਹਾਨਕੋਸ਼,* ਪੰ. 558.

639 ਉਹੀ।

640 ਉਹੀ, ਪੰ. 562.

ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਪਿੰਡ ਜੋ ਆਸ-ਪਾਸ ਹੋਣ ਕਾਰਨ ਸੰਯੁਕਤ ਨਾਂ ਢੰਡ ਕਸੇਲ ਹੋ ਗਿਆ[641]- **ਭੰਗੂ: ੧੩੩**/੩੫੧ (ਢੰਡ ਕਸੇਲਨ). **ਗਗ.੫: ਉ.੫੩**/੨੬੬੭ (ਢੰਡ).

ਢਾਕਾ/ਢਾਕੇ/ਢਾਕੈ

ਬੰਗਾਲ ਵਿਚ ਇਕ ਪਰਗਨਾ ਅਤੇ ਬਹੁਤ ਪੁਰਾਣਾ ਸ਼ਹਿਰ, ਜੋ ਕਲਕੱਤੇ ਤੋਂ 254 ਮੀਲ ਈਸ਼ਾਨ ਵੱਲ ਹੈ, ਇਹ ਬੁੱਢੀ ਗੰਗਾ ਦੇ ਕਿਨਾਰੇ ਆਬਾਦ ਹੈ[642]- **ਕ੍ਰ.੧੦: ੧੦**/੧੪੧. **ਸ੍ਰ.੧੦: ੩**/੩੪; **੧੧**/੧੬੧; **੧੪**/੨੦੮; **੨੮**/੪੨੦. **ਮਪ-ਕ,ਭ/ਖ-੨/੨: ੧੪**/੬੮੬3; **੧੫**/੬੮੯2 (ਸਿੱਖੀ ਕਾ ਕੋਠਾ); **੨**/੭੨੬. **ਗਗ.੧: ਪੂ.੭**/੩੭੬. **ਗਗ.੨: ਪੂ.੩੫**/੧੦੩੩, ੩੮; **ਪੂ.੩੬**/੧੦੫੦; **ਪੂ.੪੮**/੧੩੧੦-੧੧੨. **ਗਗ.੫: ਉ.੪੫**/੨੪੫੩.

ਢਾਂਬਵਾਲਾ

ਮਾਝੇ ਦਾ ਕੋਈ ਨਗਰ- **ਭੰਗੂ: ੧੫੯**/੪੨੪.

'ਢਿਲਵਾਂ'

ਪੰਜਾਬ ਦੇ ਮਾਨਸਾ ਜ਼ਿਲ੍ਹੇ ਦਾ ਬਰਨਾਲਾ ਤੋਂ 25 ਕਿ.ਮੀ. ਦੀ ਵਿੱਥ 'ਤੇ ਵਸਿਆ ਇੱਕ ਪਿੰਡ, ਜਿਸ ਵਿਚ ਮਾਲਵੇ ਦੀ ਯਾਤਰਾ ਵੇਲੇ ਗੁਰੂ ਤੇਗ ਬਹਾਦਰ ਜੀ ਠਹਿਰੇ ਸਨ[643]- **ਗਗ.੨: ਪੂ.੩੪**/੧੦੧੨ (ਢਿਲਮਾ). **ਗਗ.੩: ਪੂ.੬੭**/੧੬੫੮ (ਢਿੱਲਵੀਂ). **ਗਗ.੫: ਉ.੫੯**/੨੮੩੯ (ਢਿੱਲਮਾਂ).

'ਢਿਲਵਾਂ ਕਲਾਂ'

ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਕੋਟ-ਕਪੂਰਾ ਨਗਰ ਤੋਂ 5 ਕਿ.ਮੀ. ਦੱਖਣ-ਪੂਰਬ ਵੱਲ ਇਕ ਪਿੰਡ, ਜਿੱਥੇ ਸੋਢੀ ਕੌਲ ਦਾ ਨਿਵਾਸ ਸੀ[644]- **ਗਗ.੩: ਪੂ.੬੭**/੧੬੬੨. **ਗਗ.੫: ਉ.੫੭**/੨੭੭੦ (ਢਿੱਲਮਾਂ ਵਾਲੀ).

ਢੁਡੀਕੇ

ਪੰਜਾਬ ਦੇ ਮੋਗਾ ਜ਼ਿਲ੍ਹੇ ਦਾ ਪਿੰਡ- **ਗਗ.੫: ਉ.੫੫**/੨੭੨੭.

---

641 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੂਰਵ ਅੰਕਿਤ, ਪੰ. 351 (ਫੁਨੋ.)।

642 *ਮਹਾਨਕੋਸ਼,* ਪੰ. 564.

643 ਡਾ. ਰਤਨ ਸਿੰਘ ਜੱਗੀ (ਸੰਪਾ.), ਪੂਰਵ ਅੰਕਿਤ (ਜਿ. ਤੀਜੀ), ਪੰ. 1028.

644 ਉਹੀ।

ਢੂਢੀਏ

ਚਿੱਟ ਕਪੜੀਏ ਮੂੰਹ ਤੇ ਪੱਟੀ ਬੰਨ੍ਹਣ ਵਾਲੇ ਜੈਨੀ ਸਾਧੂਆਂ ਦਾ ਫਿਰਕਾ- **ਗਗ.੧: ਪੂ.੩**/੩੩੮.

ਢੇਸੀਆ

ਅੰਮ੍ਰਿਤਸਰ ਜ਼ਿਲ੍ਹੇ ਦਾ ਪਿੰਡ, ਇਥੋਂ ਦਾ ਭਾਈ ਨਾਨੂ ਸਿੰਘ ਬੰਦੇ ਦੇ ਜਥੇ ਵਿਚ ਸੀ- **ਭੰਗੂ: ੬੯.੨**/੧੬੪. **ਗਗ.੪: ੳ.੧੮**/੨੦੦੩.

ਤਈਲੰਗ

ਉਹ ਪਹਾੜ ਜਾਂ ਖੇਤਰ ਜਿੱਥੇ ਤਿੰਨ ਚੋਟੀਆਂ ਉੱਤੇ ਤਿੰਨ ਸ਼ਿਵਲਿੰਗ ਹਨ- **ਸੁ.੧੦: ੨੭**/੪੧੩.

ਤਕੜਾ ਸਿੰਘ[1]

ਖਾਲਸਾ ਦਲ ਦਾ ਨਿਹੰਗ ਸਿੰਘ ਸਿੱਖ ਸਿਪਾਹੀ- **ਗਗ.੪: ੳ.੨੦**/੨੦੨੪; **ੳ.੨੬**/੨੧੪੦.

ਤਕੜਾ ਸਿੰਘ[2]

ਸ੍ਰੀ ਗੁਰੁ ਪੰਥ ਪ੍ਰਕਾਸ਼ ਦੇ ਕਰਤਾ ਗਿ. ਗਿਆਨ ਸਿੰਘ ਦੇ ਨਾਨਾ ਜੀ ਸੁਨਾਮ ਦੇ ਲਾਗੇ ਪਿੰਡ ਸੇਰੋਂ ਦੇ ਨਿਵਾਸੀ, ਰੰਧਾਵਾ ਗੋਤ ਦੇ- **ਗਗ.੫: ੳ.੬੦**/੨੯੨੫.

ਤਕੀਪਰ

ਸੰਗਰੂਰ ਜ਼ਿਲ੍ਹੇ ਦਾ ਢੱਡਰੀਆਂ ਦੇ ਨੇੜੇ ਪਿੰਡ- **ਗਗ.੫: ੳ.੬੦**/੨੯੨੩.

ਤਖਤੰ ਅਕਾਲ

ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ- **ਸੁ.੧੦: ੧੯**/੨੮੩.

ਤਖ਼ਤ ਤਾਊਸੀ

ਤਖ਼ਤ-ਏ ਤਾਉਸ, ਸ਼ਾਹ ਜਹਾਨ ਦਾ ਮੋਰ ਦੀ ਸ਼ਕਲ ਦਾ ਬਣਾਇਆ ਹੋਇਆ ਸਿੰਘਾਸਨ[645]- **ਭੰਗੂ: ੮੯**/੨੨੨. **ਗਗ.੪: ੳ.੩੦**/੨੨੦੪.

ਤਖਤ ਮਲ[1]

---

[645] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 222 (ਫੁਨੋ.).

ਪਿੰਡ ਹਰੀ ਕਿਆਂ ਦਾ, ਗੁਰੂ ਅੰਗਦ ਸਾਹਿਬ ਦਾ ਇਕ ਸਿੱਖ। ਜਦੋਂ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਪਾਸੋਂ ਵਿਦਾ ਹੋ ਕੇ ਆਏ ਤਾਂ ਹਰੀਕਿਆਂ ਦੇ ਸਾਰੇ ਲੋਕ ਲਹਿਣਾ ਜੀ ਨੂੰ ਗਲੇ ਮਿਲੇ, ਕੇਵਲ ਭਾਈ ਤਖਤਮਲ ਪੈਰੀਂ ਪਿਆ[646]- **ਹਰਿ.੨: ੫**/੬੭੩.

ਤਖਤ ਮੱਲ[2]

ਮਾਲਵੇ ਦੇ ਦੀਨਾ, ਕਾਂਗੜਾ ਦੇ ਚੌਧਰੀ ਜੋਧਰਾਇ ਦਾ ਪੋਤਰਾ ਅਤੇ ਲਖਮੀਰ ਤੇ ਸ਼ਮੀਰ ਦਾ ਭਰਾ- **ਗਗ.੩: ਪੂ.੬੭**/੧੬੫੯.

ਤਖਤ ਮੱਲ[3]

ਸ਼ੁਕਰਚੱਕੀਏ ਨੌਧ ਸਿੰਘ ਦਾ ਪੜਦਾਦਾ- **ਗਗ.੫: ਉ.੫੩**/੨੬੭੮; **ਉ.੫੭**/੨੭੪੫ (ਤਖ਼ਤ ਮੱਲ, ਤਖਤ ਮੱਲ ਚੌਧਰੀ).

ਤਖਤ ਮੱਲ[4]

ਗੁਰੂ ਹਰਿਗੋਬਿੰਦ ਸਾਹਿਬ ਦਾ ਮਸੰਦ ਜੋ ਕਾਬਲ ਦੀ ਸੰਗਤ ਵਿਚ ਪ੍ਰਚਾਰ ਕਰਦਾ ਅਤੇ ਦਸਵੰਧ ਇਕੱਠਾ ਕਰਦਾ ਸੀ[647]- **ਗਗ.੧: ਪੂ.੨੫**/੫੭੨.

ਤਖਤੂ[1]

ਸ੍ਰੀ ਗੁਰੂ ਅਰਜਨ ਦੇਵ ਜੀ, ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਫੌਜ ਵਿਚ ਭਰਤੀ ਹੋ ਕੇ ਬੜੀ ਵੀਰਤਾ ਦਿਖਾਈ[648]- **ਗੁ.ਬਿ.੬: ੯**/੪੧੪-੧੬੩; **੧੧**/੪੪੫. **ਗਗ.੧: ਪੂ.੨੩**/੫੪੬; **ਪੂ.੨੪**/੫੫੬.

ਤਖਤੂ2

ਭਾਈ ਭਗਤੂ ਦਾ ਪੋਤਰਾ- **ਗਗ.੩: ਪੂ.੬੯**/੧੬੭੮.

ਤੱਤ ਖਾਲਸਾ

---

646 ਗੁਰਮੇਲ ਸਿੰਘ (ਸੰਪਾ.), ਪੂਰਵ ਅੰਕਿਤ, ਪੰ. 124-25.

647 *ਮਹਾਨਕੋਸ਼,* ਪੰ. 570.

648 ਉਹੀ, ਪੰ. 571.

ਬੰਦਾ ਬਹਾਦਰ ਦੇ ਸਮੇਂ ਖਾਲਸਾ ਦਲ ਦੋ ਜਥਿਆਂ ਵਿਚ ਵੰਡਿਆ ਗਿਆ ਸੀ। ਬੰਦੇ ਨੂੰ ਗੁਰੂ ਮੰਨਣ ਵਾਲਾ 'ਬੰਦਈ' ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਖਿਆਵਾਂ ਅਨੁਸਾਰ ਚਲਣ ਵਾਲਾ ਦਲ 'ਤੱਤ ਖਾਲਸਾ ਕਹਿਲਾਇਆ- **ਭੰਗੂ: ੧**/੩; **੬੭**/੧੫੭2; **੭੧**/੧੬੬; **੮੪.੧**/੨੦੬; **੧੦੮**/੨੮੯ (ਤੱਤ ਖਾਲਸੇ); **੧੩੨**/੩੪੮ (ਤੱਤ ਖਾਲਸੇ); **੧੫੬**/੪੦੫. **ਗਗ.੪: ਉ.੫**/੧੮੧੧ (ਤੱਤ੍ਰ ਖਾਲਸਾ); **ਉ.੬**/੧੮੩੨ (ਤੁੰਦ ਖਾਲਸਾ); **ਉ.੧੪**/੧੯੩੩-੩੮6 (ਸਾਰ ਖਾਲਸਾ, ਤੱਤ ਪੰਥ); **ਉ.੧੫**/੧੯੪੧ (ਤੱਤ੍ਰ ਖਾਲਸਾ), ੧੯੪੭-੫511 (ਖਾਲਸਾ ਤੱਤ੍ਰ); **ਉ.੧੭**/੧੯੭੦2; **ਉ.੧੮**/੧੯੯੩-੨੦੦੩14 (ਤੱਤ ਪੰਥ); **ਉ.੧੯**/੨੧੦੪-੧36 (ਤੱਤ ਪੰਥ2 ਪੰਥ ਖਾਲਸਾ); **ਉ.੨੯**/੨੧੭੭੮2; **ਉ.੩੪**/੨੨੬੫-੬੯4. **ਗਗ.੫: ਉ.੩੯**/੨੩੬੮.

ਤੰਤ੍ਰ ਸੰਧੀ

ਤੰਤ੍ਰ ਸ਼ਾਸਤ੍ਰ-ਉਹ ਸ਼ਾਸਤ੍ਰ ਜਿਸ ਵਿਚ ਜਾਦੂ-ਟੂਣੇ ਦੇ ਮੰਤ੍ਰਾਂ ਦਾ ਵਰਨਣ ਹੋਵੇ[649]- **ਗਗ.੫: ਉ.੪੮**/੨੭੮੯.

ਤਪਤੀ

ਦੱਖਣ ਵਿਚ ਵਗਦੀ ਹੋਈ ਇਕ ਨਦੀ। ਇਸ ਦੇ ਕਿਨਾਰੇ ਸੂਰਤ ਸ਼ਹਿਰ ਵਸਿਆ ਹੈ[650]- **ਸੂ.੧੦: ੨੭**/੪੧੮; **੨੮**/੪੧੯ (ਤਪਤੀ, ਤਪਤਨੀ).

ਤਪਾ[1]

ਮਾਲਵੇ ਦੇ ਬਰਨਾਲਾ ਜ਼ਿਲ੍ਹੇ ਦਾ ਪਿੰਡ, ਜੋ ਪਟਿਆਲਾ-ਬਠਿੰਡਾ ਰੇਲਵੇ ਲਾਈਨ `ਤੇ ਪਟਿਆਲਾ ਤੋਂ ਲਗਭਗ 100 ਕਿ.ਮੀ. ਦੂਰ ਹੈ। ਗੁਰੂ ਤੇਗ ਬਹਾਦਰ ਜੀ ਮਾਲਵਾ ਰਟਨ ਸਮੇਂ ਇਥੇ ਬਿਰਾਜੇ ਸਨ[651]- **ਮਪ-ਕ,ਭ/ਖ-੨/੧: ੧੩**/੧੨੮2. **ਭੰਗੂ: ੨੧.੧**/੫੪ (ਤੱਪੈ), **ਗਗ.੩: ਪੂ.੬੭**/੧੬੫੯. **ਗਗ.੪: ਉ.੨੮**/੨੧੬੫; **ਉ.੩੧**/੨੨੧੫. **ਗਗ.੫: ਉ.੪੧**/੨੩੯੮-੯੯2.

ਤਪਾ[2]

---

649 ਉਹੀ, ਪੰ. 604.

650 ਉਹੀ, ਪੰ. 575.

651 ਉਹੀ।

ਇਕ 'ਹਰੀ ਰਾਮ' ਨਾਂ ਦਾ ਬ੍ਰਾਹਮਣ ਜਿਸ ਨੇ ਗੁਰੂ ਅਮਰਦਾਸ ਜੀ ਦੀ ਸ਼ਿਕਾਇਤ 'ਅਕਬਰ ਬਾਦਸ਼ਾਹ' ਕੋਲ ਕੀਤੀ[652]- **ਮਪ.ਵ: ੩੫**/੭੬ (ਤਪਾ ਬ੍ਰਾਹਮਣ, ਤਪਾ); **੬੦**/੧੦੪-੦੫16. **ਮਪ-ਕ,ਭ-੧: ੫੧**/੩੮੭.

ਤਪਾ³

ਗੁਰੂ ਰਾਮਦਾਸ ਜੀ ਸਮੇਂ ਇਕ ਵਿਦਵਾਨ, ਜਿਸ ਨੇ ਗੁ. ਜੀ ਨੂੰ ਧਰਮ ਦੀ ਵਿਆਖਿਆ ਕਰਕੇ ਸੁਣਾਈ- **ਮਪ-ਕ, ਭ/ਖ-੨/੧: ੩**/੨੮੭-੮੮6.

ਤਪਿਆਨਾ

ਖਡੂਰ ਸਾਹਿਬ ਵਿਖੇ ਉਹ ਅਸਥਾਨ ਜਿਥੇ ਗੁਰੂ ਅੰਗਦ ਦੇਵ ਜੀ ਤਪੱਸਿਆ ਕਰਦੇ ਸਨ[653]- **ਮਪ-ਕ,ਭ.੧: ੬੨**/੪੨੧. **ਗਗ.੧: ਪੂ.੧੪**/੪੫੬ (ਤਪਯਾਣਾ).

ਤੰਬੂ ਸਾਹਿਬ

ਮੁਕਤਸਰ ਜ਼ਿਲ੍ਹੇ ਵਿਚ 'ਮੁਕਤਸਰ' ਤਾਲ ਦੇ ਕਿਨਾਰੇ ਉਹ ਅਸਥਾਨ, ਜਿੱਥੇ ਸਿੱਖਾਂ ਦਾ ਕੈਂਪ ਸੀ, ਅਤੇ ਖਾਲਸੇ ਨੇ ਝਾੜਾਂ ਉਤੇ ਬਸਤ੍ਰ ਪਾ ਕੇ, ਦੁਸ਼ਮਨ ਨੂੰ ਅਨੰਤ ਤੰਬੂ ਦਿਖਾਕੇ ਇਹ ਯਕੀਨ ਕਰਵਾਇਆ ਸੀ ਕਿ ਇਥੇ ਬੇਅੰਤ ਫ਼ੌਜ ਉੱਤਰੀ ਹੋਈ ਹੈ[654]- **ਗਗ.੫: ਉ.੫੮**/੨੮੧੯.

ਤਮਲੈਂਗ

ਸਿੱਕਮ ਦੇਸ਼ ਦਾ 'ਤਾਮਲੁੰਗ' ਸ਼ਹਿਰ- **ਗਗ.੧: ਪੂ.੧੦**/੪੧੯.

ਤਰਨ ਤਾਰਨ

ਪੰਜਾਬ ਦਾ ਇਕ ਮਸ਼ਹੂਰ ਜ਼ਿਲ੍ਹਾ ਜੋ ਅੰਮ੍ਰਿਤਸਰ ਤੋਂ 14 ਮੀਲ ਉਤਰ ਵਲ ਹੈ। ਗੁਰੂ ਅਰਜਨ ਦੇਵ ਜੀ ਨੇ ਸੰਮਤ 1647 ਨੂੰ ਇਥੇ ਤਰਨਤਾਰਨ ਨਾਂ ਦਾ ਤਾਲ ਖਦਵਾਇਆ ਸੀ[655]- **ਗੁ.ਬਿ.੬: ੭**/੧੮੫2;

---

[652] ਡਾ. ਕੁਲਵਿੰਦਰ ਸਿੰਘ 'ਬਾਜਵਾ' (ਸੰਪਾ.), *ਪੂਰਵ ਅੰਕਿਤ,* ਪੰ. 76 (ਫੁਨੋ.)।

[653] *ਮਹਾਨਕੋਸ਼,* ਪੰ. 575.

[654] ਉਹੀ, ਪੰ. 605.

[655] ਉਹੀ, ਪੰ. 578.

੮/੨੬੬2; **੯**/੩੧੫; **੧2**/੪੫੫-੫੬2; **੧੫**/੫੧੪; **੧੭**/੫੯੫; **੧੮**/੬੧੪-੧੬4; **੧੯**/੬੩੯. ਛਿਬਰ: **੨**/੨0. **ਮਪ.ਵ: ੭੨**/੧੧੫2; **੮0**/੧੨੩-੨੪ (ਤਰਣਿਪੁਰ, ਤਰਣ ਤਾਰਣ). **ਮਪ-ਕ,ਭ/ਖ-੨/੧: ੮**/੩੪੦-੪12. **ਭੰਗੂ: ੮੨.੧**/੧੯੭; **੧੭੦.੧**/੪੨੫. **ਗਗ.੧: ਪ੍ਰ.੧੯**/੫੦੪-੦੫2; **ਪ੍ਰ.੨੩**/੫੪੫; **ਪ੍ਰ.੨੪**/੫੫੮; **ਪ੍ਰ.੨੫**/੫੭੦. **ਗਗ.੨: ਪ੍ਰ.੩0**/੮੮੨. **ਗਗ.੪: ਉ.੧੩**/੧੯੧੮ (ਤਰਣਤਾਰਨ2); **ਉ.੨੪**/੨੦੮੬ (ਤਰਣ ਤਾਰਣ); **ਉ.੨੫**/੨੧੨੬ (ਤਰਣ ਤਾਰਣ); **ਉ.੨੯**/੨੧੮੭; **ਉ.੩੨**/੨੨੨੬. **ਗਗ.੫: ਉ.੫੦**/੨੫੪੭; **ਉ.੫੩**/੨੬੫੯; **ਉ.੫੬**/੨੭੩੨ (ਤਰਨ ਤਾਰਨੈਂ); **ਉ.੫੯**/੨੮੫੪.

'ਤਰੁਣਾ ਦਲ'

ਨਵਾਬ ਕਪੂਰ ਸਿੰਘ ਦੁਆਰਾ 1734 ਈ. ਨੂੰ ਸਿੱਖਾਂ ਦੇ ਸੈਨਿਕ ਬਲ ਨੂੰ ਵਿਵਸਥਿਤ ਕਰਨ ਲਈ ਦੋ ਦਲਾਂ ਬੁੱਢਾ ਅਤੇ ਤਰੁਣਾ ਦਲ ਵੰਡਿਆ ਗਿਆ। 40 ਸਾਲ ਤੋਂ ਘੱਟ ਉਮਰ ਵਾਲੇ ਸਿੱਖ ਯੋਧਿਆਂ ਦਾ ਦਲ 'ਤਰਣਾ ਦਲ' ਸੀ[656]- **ਭੰਗੂ: ੧੪੪**/੩੭੪ (ਤਰਨ); **੧੪੬**/੩੭੮ (ਤਰਨੈ); **੧੫੦**/੩੮੩ (ਤਰੁਨ); **੧੫੯**/੪੨੪ (ਤਰਨ ਦਲ). **ਗਗ.੧: ਪ੍ਰ.੨**/੩੧੫.

ਤਰਾਵੜੀ/ਤਿਰਾਵੜੀ

ਪੁਰਾਤਨ ਜਰਨੈਲੀ ਸੜਕ ਉਪਰ ਜ਼ਿਲ੍ਹਾ ਕਰਨਾਲ ਦਾ ਪੁਰਾਣਾ ਨਗਰ। ਸਰਹਿੰਦ ਫ਼ਤਹਿ ਕਰਨ ਉਪਰੰਤ ਥਨੇਸਰ ਤੋਂ ਪਾਨੀਪਤ ਤੱਕ ਦੀ ਸੂਬੇਦਾਰੀ ਬਾਜ ਸਿੰਘ ਦੇ ਭਰਾ ਰਾਮ ਸਿੰਘ ਤੇ ਬਾਬਾ ਬਿਨੋਦ ਸਿੰਘ ਨੂੰ ਦਿੱਤੀ ਗਈ ਸੀ। ਇਨ੍ਹਾਂ ਸਰਦਾਰਾਂ ਦਾ ਡੇਰਾ ਤਰਾਵੜੀ ਸਰਾਂ ਵਿਚ ਹੁੰਦਾ ਸੀ[657]- **ਭੰਗੂ: ੫੩**/੧੨੦ (ਤਿਰਾਵੜੀ, ਤ੍ਰਾਵੜੀ3); **੮੩**/੨੦੦-੦੪ (ਤ੍ਰਵਾੜੀ, ਤਰਾਵੜੀ); **੧੫0**/੩੮੩; **੧੫੬**/੪੦੬. **ਗਗ.੪: ਉ.੧੦**/੧੮੮੦, ੮੫; **ਉ.੧੧**/੧੮੯੧; **ਉ.੧੩**/੧੯੦੯-੧੨ (ਤਿਰਾਵੜੀ, ਤੇਰਾਵੜੀ3); **ਉ.੨੪**/੨੧੯੫. **ਗਗ.੫: ਉ.੪੪**/੨੪੫੨; **ਉ.੫੩**/੨੬੭੩.

---

[656] ਡਾ. ਰਤਨ ਸਿੰਘ ਜੱਗੀ (ਸੰਪਾ.), *ਪੂਰਵ ਅੰਕਿਤ,* (ਜਿ. ਤੀਜੀ), ਪੰ. 1036.

[657] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 120 (ਫੁਨੇ.)।

ਤਲਵੰਡੀ/ਤਿਲਵੰਡੀ ਸਾਬੋ

ਪੰਜਾਬ ਦੇ ਮੌਜੂਦਾ ਬਠਿੰਡੇ ਜ਼ਿਲ੍ਹੇ ਦਾ ਨਗਰ/ਕਸਬਾ, ਜੋ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੁਨਰ-ਸੰਪਾਦਨ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਹੀ ਕੀਤਾ ਸੀ- **ਗੁ.ਬਿ.੬: ੮**/੨੩੮. **ਸੂ.੧੦: ੨੩**/੩੫੮ (ਤਲਵੰਦ). **ਮਪ-ਕ,ਭ/ਖ-੨/੨: ੪**/੬੩੮ (ਸਾਬੋ ਕੀ ਤਿਲਵੰਡੀ). **ਭੰਗੂ: ੨੪.੧**/੬੫ (ਸਾਬੋ2, ਤਿਲਵੰਡੀ); **੨੫**/੬੮2. **ਗਗ.੩: ਪੂ.੬੪**/੧੬੭੧-੭੫ (ਦਮਦਮਾ/ਦਮਦਮੇ੫, ਤਲਵੰਡੀ, ਸਾਬੋ ਕੀ ਤਲਵੰਡੀ, ਗੁਰੂ ਕੀ ਕਾਸ਼ੀ). **ਗਗ.੪: ਉ.੧੯**/੨੦੦੮ (ਸਾਬੋ).

ਤਲਵੰਡੀ, 'ਕਲਾਂ'

ਜ਼ਿਲ੍ਹਾ ਲੁਧਿਆਣਾ ਦਾ ਇਕ ਨਗਰ ਜੋ ਆਹਲੂਵਾਲੀਆ ਮਿਸਲ ਨੇ ਕਬਜੇ ਅਧੀਨ ਕੀਤਾ- **ਗਗ.੫: ਉ.੪੩**/੨੪੩੦.

ਤਲਵੰਡੀ/ਤਿਲਵੰਡੀ ਕੂਕਾ

ਗੋਇੰਦਵਾਲ ਤੋਂ ਤਿੰਨ ਕੋਹ ਦੂਰ ਪਿੰਡ, ਇਥੋਂ ਦਾ ਇਕ ਲੰਗੜਾ ਵਿਅਕਤੀ ਗੁਰੂ ਅਮਰਦਾਸ ਜੀ ਨੂੰ ਦਹੀਂ ਛਕਾਉਂਦਾ ਸੀ, ਗੁਰੂ ਅਮਰਦਾਸ ਜੀ ਦੇ ਵਚਨਾਂ ਸਦਕਾ, ਪ੍ਰਸਿੱਧ ਸੂਫੀ ਫਕੀਰ ਸ਼ਾਹ ਹੁਸੈਨ ਦੁਆਰਾ ਇਸਦਾ ਲੰਗੜਾਪਨ ਖਤਮ ਹੋਇਆ- **ਮਪ.ਵ: ੪੬**/੮੮.

ਤਲਵੰਡੀ ਮਲਿਕ

ਪਟਿਆਲਾ ਜ਼ਿਲ੍ਹੇ ਦਾ ਸਮਾਣਾ ਦੇ ਨਜ਼ਦੀਕ ਨਗਰ, ਜੋ ਫੂਲਕੀਆ ਮਿਸਲ ਦੇ ਸ. ਆਲਾ ਸਿੰਘ ਦੁਆਰਾ ਤੁਰਕਾਂ ਤੋਂ ਜਿੱਤਿਆ- **ਗਗ.੫: ਉ.੫੪**/੨੭੦੯.

ਤਲਵੰਡੀ/ਤਿਲਵੰਡੀ ਰਾਇ ਭੋਇ

ਗੁਰੂ ਨਾਨਕ ਦੇਵ ਸਾਹਿਬ ਦਾ ਜਨਮ ਅਸਕਾਨ 'ਤਿਲਵੰਡੀ ਰਾਇ ਭੋਇ' ਜੋ ਹੁਣ 'ਨਨਕਾਣਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ, ਪਾਕਿਸਤਾਨ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਚ ਹੈ। ਇਸ ਦਾ ਪਹਿਲਾ ਨਾਂ 'ਰਾਇਪੁਰ' ਸੀ- **ਪੁਰਾ: ੧**/੧੭; **੯**/੩੮; **੩੧**/੮੯2; **੩੮**/੧੩੭; **੪੦**/੧੪੦; **੪੧**/੧੪੬; **੫੫**/੧੯੯2. **ਬਾਲਾ:**

੧/੧੬੭-੭੦3 (ਤਲਵੰਡੀ, ਤਲਵੰਡੀਉ); **੬**/੧੮੭; **੯**/੧੯੮-੨੦੧4; **੧੦**/੨੦੫-੦੮6; **੧੩**/੨੨੦-੨੫ (ਤਲਵੰਡੀ/ਤਲਵੰਡੀਅਹੁ2, ਰਾਇ ਭੋਇ ਭਟੀ ਦੀ ਤਲਵੰਡੀ, ਰਾਇ ਭੋਇ ਦੀ ਤਲਵੰਡੀ); **੧੫**/੨੩੬ (ਤਲਿਵੰਡੀਓ/ਤਲਿਵੰਡੀ2); **੧੭**/੨੩੯-੪੦2; **੨੬**/੨੬੫ (ਰਾਇ ਭੋਏ ਦੀ ਤਲਵੰਡੀ); **੬੧**/੪੧੫; **੭੩**/੪੫੭2. ਮਿਹ.**੧: ੪**/੧੧ (ਰਾਇ ਭੋਇ ਭਟੀ ਕੀ ਤਲਵੰਡੀ); **੮**/੨੩; **੧੧**/੨੯ (ਰਾਇ ਭੋਏ ਕੀ ਤਲਵੰਡੀ, ਤਲਵੰਡੀ3); **੧੨**/੩੭ (ਤਲਵੰਡੀ); **੧੩**/੩੮ (ਤਲਵੰਡੀ ਰਾਇ ਭੋਇ ਕੀ); **੧੭**/੫੨; **੧੮**/੫੫; **੧੯**/੫੮; **੨੦**/੬੧; **੨੧**/੨੧ (ਤਲਵੰਡੀ ਰਾਇ ਭੋਇ, ਤਲਵੰਡੀ2); **੨੩**/੭੧; **੨੪**/੭੩ (ਤਲਵੰਡੀ ਰਾਇ ਭੋਐ3); **ਹਰਿ.੨: ੧੪੧**/੪੭੦ (ਤਲਵੰਡੀ ਰਾਇ ਭੋਇ ਭਟੀ ਕੀ); **੧੪੫**/੪੮੨; **੧੪੬**/੪੮੫; **੧੪੭**/੪੮੮ (ਰਾਇ ਭੁਏ ਕੀ ਤਲਵੰਡੀ); **੧੫੧**/੫੧੧ (ਤਲਵੰਡੀ ਕੀ ਧਰਤੀ ਭਟੀਆਂ ਕੀ). **ਚਤੁ.੩: ੭੧**/੬੦੭ (ਰਾਇ ਭੋਇ ਦੀ ਤਲਵੰਡੀ, ਤਲਵੰਡੀ ਹੁਸੰਗ, ਸੰਧੂ ਹੁਸੰਗ ਦੀ ਤਲਵੰਡੀ4, ਤਲਵੰਡੀ). ਗਿਆ**:** ੨੮੦, ੨੮੬, ੨੯੯, ੪੧੭ (ਤਲਵੰਡੀ4). **ਗੁ.ਬਿ.੬: ੯**/੩੪੪, ੫੭ (ਤਿਲਵੰਡੀ, ਤਲਵੰਡੀ). ਛਿਬਰ**: ੨**/੧੬; **੧੪**/੧੫੨ (ਰਾਇ ਭੋਇ ਭਟ ਕੀ ਤਿਲਵੰਡੀ). **ਮਪ.ਵ: ੧**/੩੩ (ਤਿਲਵੰਡੀ ਰਾਇ ਭੋਇਆ ਭਟੀ); **੧੩**/੪੧3; **੧੪**/੪੭2. **ਮਪ-ਕ,ਭ-੧: ੨**/੭੧ (ਤਿਲਵੰਡੀ ਰਾਇ ਬੁਲਾਰ ਕੀ); **੧੫**/੧੦੬-੦੮2; **੨੨**/੧੩੮-੪੦2; **੪੭**/੩੬੭. **ਮਪ-ਕ,ਭ/ਖ-੨/੧: ੨**/੮੦. **ਭੰਗੂ: ੪**/੧੦ (ਤਲਵੰਡੀ ਬੁਲਾਰ ਭੁਇ ਰਾਇ); **੧੦੩**/੨੫੯. **ਗਗ.੧: ਪੂ.੪**/੩੪੪; **ਪੂ.੫**/੩੫੧; **ਪੂ.੬**/੩੬੩-੩੬੫3; **ਪੂ.੮**/੩੯੨; **ਪੂ.੯**/੪੧੧; **ਪੂ.੨੩**/੫੩੯.

> "ਤਲਵੰਡੀ ਰਾਇ ਭੁਇ ਦੀ ਸੰਬੰਧੀ ਸਾਨੂੰ ਜਨਮਸਾਖੀ ਪਰੰਪਰਾ, ਗੁ.ਬਿ.੬, ਛਿਬਰ, ਮਪ(ਕਵਿਤਾ ਤੇ ਵਾਰਤਕ), ਭੰਗੂ ਅਤੇ ਗਿਆਨ ਸਿੰਘ ਕ੍ਰਿਤਾਂ ਵਿਚੋਂ ਲਗਭਗ 100 ਕੁ ਹਵਾਲੇ ਤਲਵੰਡੀ, ਤਿਲਵੰਡੀ, ਤਲਵੰਡੀ ਰਾਇ ਭੋਇ, ਤਲਵੰਡੀ ਰਾਏ ਭੋਏ ਭਟੀਆਂ ਦੀ, ਤਲਵੰਡੀ ਰਾਇ ਬੁਲਾਰ ਕੀ, ਤਲਵੰਡੀ ਹੁਸੰਗ ਅਤੇ ਸੰਧੂ ਹੁਸੰਗ ਦੀ ਤਲਵੰਡੀ ਆਦਿ ਰੂਪਾਂ ਵਿਚ ਪ੍ਰਾਪਤ ਹਨ।"

ਤਲਬਨ/ਤਲਵਨ

ਫਿਲੌਰ ਤੋਂ ਥੱਲੇ ਦਰਿਆ ਸਤਲੁਜ ਕੰਢੇ ਸਥਿਤ ਪੁਰਾਣਾ ਕਸਬਾ ਜੋ ਤਲਵਣੀ ਤਲਬਨ ਪੱਤਣ ਦੇ ਨਾਂ ਨਾਲ ਪ੍ਰਸਿੱਧ ਹੈ[658]- **ਭੰਗੂ: ੧੩੨**/੩੩੯; **੧੩੭**/੩੫੯; **੧੫੪**/੩੯੯. **ਗਗ.੪: ਉ.੧੩**/੧੯੧੬. **ਗਗ.੫: ਉ.੫੭**/੨੭੪੭.

ਤਲਵਾੜਾ

ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ- **ਗਗ.੫: ਉ.੫੭/੨੭੭੮.**

ਤਵਾਰੀਖ ਗੁਰੂ ਖਾਲਸਾ

ਸ੍ਰੀ ਗੁਰੁ ਪੰਥ ਪ੍ਰਕਾਸ਼ ਕਰਤਾ ਗਿ. ਗਿਆਨ ਸਿੰਘ ਦੀ ਇਕ ਹੋਰ ਰਚਨਾ। ਇਸ ਨੂੰ 'ਸ੍ਰੀ ਗੁਰੁ ਪੰਥ ਪ੍ਰਕਾਸ਼' ਦੀ ਵਿਆਖਿਆ ਹੀ ਮੰਨਿਆ ਜਾਂਦਾ ਹੈ- **ਗਗ.੧: ਪੂ.੧੫**/੪ (ਗੁਰੂ ਖਾਲਸੇ ਤਵਾਰੀਖ). **ਗਗ.੪: ਉ.੯**/੧੮੬੬ (ਤਵਾਰੀਖ); **ਉ.੧੧**/੧੮੯੭; **ਉ.੧੭**/੧੯੮੭. **ਗਗ.੫: ਉ.੫੩**/੨੬੭੭2, ੨੬੯੬; **ਉ.੫੪**/੨੭੧੮; **ਉ.੫੬**/੨੭੩੩; **ਉ.੬੦**/੨੯੨੭-੨੯ (ਤਵਾਰੀਖ ਗੁਰੂ ਖਾਲਸਾ, ਤਵਾਰੀਖ2, ਤਵਾਰੀਖ ਖਾਲਸਾ).

ਤਵੀ, 'ਨਦੀ'

ਜੰਮੂ ਨਗਰ ਪਾਸ ਵਹਿਣ ਵਾਲੀ ਇਕ ਨਦੀ, ਤਵੀ ਨਦੀ ਦਾ ਰੇਲਵੇ ਸਟੇਸ਼ਨ 'ਜੰਮੂ ਤਵੀ' ਕਰਕੇ ਪ੍ਰਸਿੱਧ ਹੈ[659]- **ਗਗ.੪: ਉ.੧੭**/੧੯੮੮. **ਗਗ.੫: ਉ.੫੩**/੨੬੬੨.

ਤਾਸੀ ਸੂਡਨ

ਭੁਟਾਨ ਦੇਸ਼ ਦਾ ਸ਼ਹਿਰ- **ਗਗ.੧: ਪੂ.੧੦**/੪੧੯.

ਤਾਹਰ ਬੇਗ

ਚਮਕੌਰ ਦੀ ਜੰਗ ਵਿਚ ਕੋਈ ਮੁਗਲ ਸਿਪਾਹੀ, ਜੋ ਸਾਹਿਬਜਾਦਾ ਜੁਝਾਰ ਸਿੰਘ ਹਥੋਂ ਮਰਿਆ- **ਗਗ.੩: ਪੂ.੬੫**/੧੬੩੫2.

ਤਾਤਾਰ

---

[658] ਉਹੀ, ਪੰ. 339 (ਫੁਨੋ.)।

[659] ਮਹਾਨਕੋਸ਼, ਪੰ. 581.

ਮੱਧ ਏਸ਼ੀਆ ਦਾ ਦੇਸ਼ ਜਿਸ ਦੀਆਂ ਹੱਦਾਂ ਫਰਾਂਸ, ਪਾਕਿਸਤਾਨ ਤੇ ਚੀਨ ਨਾਲ ਲਗਦੀਆਂ ਹਨ[660]- **ਗਗ.੩: ਪੂ.੬੨**/੧੫੮੫.

ਤਾਨਸੈਨ

ਅਕਬਰ ਬਾਦਸ਼ਾਹ ਸਮੇਂ ਭਾਰਤ ਦਾ ਪ੍ਰਸਿੱਧ ਸੰਗੀਤਕਾਰ[661]- **ਭੰਗੂ: ੮੯**/੨੨੨.

ਤਾਨਪੁਰ

ਗੋਇੰਦਵਾਲ ਦੇ ਨਜ਼ਦੀਕ ਨਗਰ, ਜਿੱਥੇ ਪ੍ਰਸਿੱਧ ਸੂਫੀ ਫਕੀਰ 'ਸ਼ਾਹ ਹੁਸੈਨ ਰਹਿੰਦਾ ਸੀ[662]' - **ਮਪ.ਵ: ੪੯**/੮੮.

ਤਾਨੇਸ਼ਾਹਿ

ਹੈਦਰਾਬਾਦ ਦੇ ਗੋਲਕੁੰਡਾ ਕਿਲੇ ਦਾ ਰਾਜਾ, ਜਿਸ ਨਾਲ ਔਰੰਗਜ਼ੇਬ ਲੜਾਈ-ਝਗੜਾ ਕਰਦਾ ਰਹਿੰਦਾ ਸੀ- **ਗਗ.੩: ਪੂ.੬੪**/੧੬੦੯.

ਤਾਮਰ ਪ੍ਰਨੀ ਨਦੀ

ਟਿਨੇ ਵੈਨੀ ਦੀ ਇਕ ਨਦੀ, ਜੋ ਅਗਸਤਿ-ਕੂਟ ਤੋਂ ਨਿਕਲਦੀ ਹੈ, ਇਸ ਵਿਚੋਂ ਮੋਤੀ ਕਢਦੇ ਹਨ[663]- **ਗਗ.੧: ਪੂ.੯**/੪੦੫.

ਤਾਰਾ

ਗੁਰੂ ਅਰਜਨ ਦੇਵ ਜੀ ਦੇ ਸਿੱਖ, ਭਾਈ ਬਹਿਲੋ ਦਾ ਪੋਤਾ, ਅਤੇ ਗੁਰਦਾਸ ਦਾ ਭਰਾ- **ਗਗ.੨: ਪੂ.੩੦**/੮੯੬. **ਗਗ.੩: ਪੂ.੫੧**/੧੩੭੬ (ਬੀਰ ਨਖੱਤ੍ਰ ਬਲੀ); **ਪੂ.੫੨**/੧੩੮੪, ੮੭.

ਤਾਰਾ ਆਜ਼ਮ

---

660 ਉਹੀ, ਪੰ. 584.

661 ਉਹੀ।

662 ਡਾ. ਕੁਲਵਿੰਦਰ ਸਿੰਘ 'ਬਾਜਵਾ' (ਸੰਪਾ.), *ਪੂਰਵ ਅੰਕਿਤ,* ਪੰ. 88 (ਫੁਨਾ.)।

663 *ਮਹਾਨਕੋਸ਼,* ਪੰ. 586.

ਮੁਗਲ ਸ਼ਾਸਕ ਔਰੰਗਜ਼ੇਬ ਦਾ ਪੁੱਤਰ- **ਗੁ.ਸੋ: ੧੫**/੧੦੬-੦੮ (ਆਜ਼ਮ5, ਸ਼ਾਹ ਆਜ਼ਮ/ਆਜ਼ਮ ਸ਼ਾਹ2, ਸੁਲਤਾਨ). **ਗੁ.ਬਿ.੬: ੨੧**/੭੫੨2. **ਸੂ.੧0: ੨੪**/੩੭੭, ੮੧ (ਤਾਰਾ ਆਜਮ, ਆਜ਼ਮ ਤਾਰ, ਅਜੈਮਤਾਰ); **੨੫**/੩੮੩-੯੧ (ਆਜਮ/ਆਜਮੈ7, ਹਜ਼ਰਤ ਸੁਤ, ਆਜਮਤਾਰ2, ਆਜਮ ਬੀਰ2, ਆਜਮ ਰਾਇ). **ਗਗ.੩: ਪੂ.੬੯**/੧੬੮੫-੮੮ (ਆਜ਼ਮ/ਆਜਮੰ2, ਤਾਰਾ ਆਜ਼ਮ3, ਆਜਮ ਤਾਰਾ). **ਗਗ.੪: ਉ.੭**/੧੮੪੩.

ਤਾਰਾ ਸਿੰਘ[1]

ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ- **ਗਗ.੫: ਉ.੫੩**/੨੬੮੫.

ਤਾਰਾ ਸਿੰਘ[2]

ਤਾਰਾ ਸਿੰਘ ਗੈਬਾ, ਕੰਗ ਜੋਤ ਦਾ ਜੱਟ ਸਿੱਖ ਸਰਦਾਰ ਜੋ ਗੁਲਾਬ ਸਿੰਘ ਤੋਂ ਡੱਲੇਵਾਲੀਆ ਮਿਸਲ ਦਾ ਮੁਖੀ ਹੋਇਆ[664]- **ਭੰਗੂ: ੧੨੫**/੩੨੫; **੧੨੯**/੩੩02; **੧੩੯**/੩੫੬-੫੭5; **ਗਗ.੫: ਉ.੩੮**/੨੩੬੧ (ਤਾਰਾ ਸਿੰਘ ਗੈਬਾ); **ਉ.੪੮**/੨੫01 (ਤਾਰਾ ਸਿੰਘ ਗੈਬਾ); **ਉ.੫੨**/੨੬੧੧ (ਤਾਰਾ ਸਿੰਘ ਗੈਬਾ); **ਉ.੫੪**/੨੬੯੭-੯੯10 (ਤਾਰਾ ਸਿੰਘ ਗੈਬਾ2); **ਉ.੫੬**/੨੭੩੩ (ਤਾਰਾ ਸਿੰਘ2, ਆਕਲ ਬੀਰ ਉਦਾਰ); **ਉ.੫੭**/੨੭੯੦.

ਤਾਰਾ ਸਿੰਘ[3]

ਹੁਸ਼ਿਆਰਪੁਰ ਜ਼ਿਲ੍ਹੇ ਦੇ 'ਗਿੜਵੜੀ' ਨਿਵਾਸੀ ਸੰਤ ਗੁਲਾਬ ਸਿੰਘ ਜੀ ਦਾ ਚੇਲਾ 'ਪੰਡਿਤ ਤਾਰਾ ਸਿੰਘ ਨਰੋਤਮ', ਸੰਸਕ੍ਰਿਤ ਦੇ ਵੱਡੇ ਪੰਡਿਤ ਅਤੇ ਗੁਰਬਾਣੀ ਦੇ ਗਯਾਨੀ ਸਨ[665]- **ਗਗ.੧: ਪੂ.੧**/੩੦੯ (ਸੰਤ, ਕੋਵਿਦ ਕਵਿ ਗਯਾਨੀ, ਸੁਚ ਮਹਾਂ, ਗੁਰੂ, ਨਖੱਤ੍ਰ); **ਪੂ.੪**/੩੪੬ (ਬਿਦਯਾ ਗੁਰ, ਸ੍ਰੀ ਨਖੱਤ੍ਰ ਮ੍ਰਿਗੇਸ੍ਵਰ).

ਤਾਰਾ ਸਿੰਘ[4]

ਜ਼ਿਲ੍ਹਾ ਅੰਮ੍ਰਿਤਸਰ ਤਹਿਸੀਲ ਪੱਟੀ ਦੇ ਪਿੰਡ 'ਵਾਂ' ਦਾ ਬੁੱਟਰ ਜੱਟ ਸਿੱਖ। ਇਹ ਬੜਾ ਸਿਦਕੀ ਸਿੱਖ ਸੀ , ਜੋ ਸ਼ਾਹੀ ਫੌਜ ਨਾਲ ਲੜਦਿਆਂ 1725 ਈ. ਨੂੰ ਸ਼ਹੀਦ ਹੋਇਆ[666]- ਛਿਬਰ: **੧੩**/੧੪੩;

---

[664] ਡਾ. ਬਲਵੰਡ ਸਿੰਘ ਢਿੱਲੋਂ, (ਸੰਪਾ.), *ਪੂਰਵ ਅੰਕਿਤ,* ਪੰ. 325 (ਫੁਨੇ.)

[665] *ਮਹਾਨਕੋਸ਼,* ਪੰ. 587.

[666] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 183 (ਫੁਨੇ.)।

੧੪/੧੫੨, ੫੯. **ਭੰਗੂ: ੮0.੧**/੧੮੩-੮੮ (ਤਾਰਾ ਸਿੰਘ, ਤਾਰੇ/ਤਾਰੈ12, ਬੁਟਰਨ ਬਾਂਇ, ਸਿੰਘ/ਜੀ4, ਤਾਰੇ ਸਿੰਘ ਬਾਣ, ਬਾਂਇ ਤਾਰੈ ਸਿੰਘ); **੮੦.੨**/੧੮੯3; **੮੦.੩**/੧੯੦-੯੩8, ਤਾਰੈ ਸਿੰਘ ਨਿਹੰਗ, ਸਿੰਘ ਜੀ5). **ਗਗ.੪: ੳ.੨੦**/੨੦੨੨; **ੳ.੨੧**/੨੦੪੦-੫੯26 (ਅਸਰਨ ਸਰਨ, ਸਿੰਘ/ਜੀ6, ਬੀਰ ਬਡਦਾਤਾ, ਤਾਰਯਾ, ਤਾਰੈਂ ਮ੍ਰਿਗਿੰਦ੍ਰ, ਤਾਰਾ ਹਰਿ, ਸਿੰਘ ਤਾਰਾ).

'ਤਾਰਾ ਚੰਦ[1]'

ਛੇਵੇਂ ਪਾਤਸ਼ਾਹ ਦਾ ਮਸੰਦ, ਜੋ ਅਫਗਾਨਿਸਤਾਨ ਦੀ ਸੰਗਤ ਤੋਂ ਕਾਰ ਭੇਟ ਵਸੂਲ ਕਰਦਾ ਅਤੇ ਸਿੱਖੀ ਦਾ ਪ੍ਰਚਾਰਕ ਸੀ[667]- **ਗੁ.ਬਿ.੬: ੯**/੬੫੩-੫੪ (ਤਾਰਾਸਸਿ3) **ਗਗ.੧: ਪੂ.੨੫**/੫੭੨.

'ਤਾਰਾ ਚੰਦ[2]'

ਛੇਵੇਂ ਪਾਤਸ਼ਾਹ ਸਮੇਂ ਪਹਾੜੀ ਰਿਆਸਤ 'ਕਹਿਲੂਰ' ਦਾ ਰਾਜਾ[668]- **ਗਗ.੧:** ਪੂ.੨੫/੫੬੮; **ਪੂ.੨੭**/੫੯੮-੬੦੪3 (ਕਹਿਲੂਰੀ). **ਗਗ.੫:** ੳ.੫੯/੨੮੨੪ (ਤਾਰਾ ਚੰਦ ਹਡੂਰੀਆ).

ਤਾਰੂ ਸਿੰਘ

ਭਾਈ ਤਾਰੂ ਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਸਿਦਕੀ ਸਿੰਘ ਸਨ, ਜਿਨ੍ਹਾਂ ਨੂੰ ਹਰਿਭਗਤ ਨਿਰੰਜਨੀਏ ਦੀ ਝੂਠੀ ਸ਼ਿਕਾਇਤ 'ਤੇ ਜ਼ਕਰੀਆਂ ਖਾਂ ਨੇ ਖੋਪਰੀ ਉਤਰਵਾ ਕੇ ਸ਼ਹੀਦ ਕਰਵਾ ਦਿੱਤਾ ਸੀ[669]- ਛਿਬਰ**: ੧੪**/੧੪੯-੫੦2. **ਭੰਗੂ: ੯੧**/੨੨੬2; **੧੦੨**/੨੫੫-੫੯11; **੧੦੫**/੨੭੨2; (ਸਿੰਘ6); **੧੦੬**/੨੭੩-੭੪5; **੧੦੭**/੨੭੪-੭੬5 (ਸਿੰਘ/ਜੀ8); **੧੦੮**/੨੭੭-੮੨28 (ਸਿੰਘ); **੧੦੯**/੨੮੪3; **੧੧੦**/੨੮੪-੮੫10 (ਸਿੰਘ ਜੀ2); **੧੫੧**/੩੮੭-੯22; **੧੫੫**/੪੦੨. **ਗਗ.੧: ਪੂ.੧**/੩੧੦. **ਗਗ.੪: ੳ.੩੪**/੨੨੫੭-੨੨੭139 (ਸਿੰਘ/ਜੀ22, ਜਤੀ ਸਤੀ ਹਠੀ ਸੂਰਬੀਰ). **ਗਗ.੫: ੳ.੪੫**/੨੪੬੩.

ਤਾਲ

ਵੇ. 'ਸੁਧਾਸਰ'

ਤਿਹਾੜਾ

---

[667] ਮਹਨ ਕੋਸ਼, ਪੰ. 587.

[668] ਉਹੀ।

[669] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.) *ਪੂਰਵ ਅਕਿਤ,* ਪੰ. 226 (ਫੁਨੋ)।

ਸਤਿਲੁਜ ਕਿਨਾਰੇ ਲੁਧਿਆਣਾ ਦੇ ਦੱਖਣ-ਪੱਛਮ ਵਾਲੇ ਇਲਾਕੇ ਨੂੰ ਤਿਹਾੜਾ ਕਿਹਾ ਜਾਂਦਾ ਹੈ[670]- **ਭੰਗੂ: ੧੧੨**/੨੯੧ (ਤਿਹਾੜੇ). **ਗਗ.੪: ਉ.੧੩**/੧੯੧੦ (ਤਿਹਾੜੈਂ); **ਉ.੩੧**/੨੨੧੫.

ਤਿਬਤ

ਭਾਰਤ ਦੇ ਉੱਤਰ ਵੱਲ ਇਕ ਪਹਾੜੀ ਸਰਦ ਦੇਸ਼, ਭੋੋਟ, ਇਸ ਦੇ ਉੱਤਰ ਤੇ ਪੂਰਬ ਵੱਲ ਚੀਨ, ਦੱਖਣ ਵੱਲ ਨੈਪਾਲ ਭੁਟਾਨ ਤੇ ਹਿਮਾਲੇ ਦੇ ਪਹਾੜੀ ਇਲਾਕੇ ਅਤੇ ਪੱਛਮ ਵੱਲ ਕਸ਼ਮੀਰ ਹੈ[671]- **ਗਗ.੧: ਪੂ.੮**/੩੮੯; **ਪੂ.੧੧**/੪੩੨.

'ਤਿਲਕੂ'

ਗੁਰੂ ਹਰਗੋਬਿੰਦ ਸਮੇਂ ਗੜ੍ਹਸ਼ੰਕਰ ਨਿਵਾਸੀ ਇਕ ਸਿੱਖ, ਜੋ ਹਮੇਸ਼ਾ ਗੁਰੂ ਨਾਨਕ ਦੇਵ ਜੀ ਦੇ ਧਿਆਨ ਵਿਚ ਮਗਨ ਰਹਿੰਦਾ ਸੀ- **ਗੁ.ਬਿ.੬: ੬**/੧੬੬-੭੦ (ਤਿਲਕੂ20).

ਤਿਲੰਗ, 'ਦੇਸ'

ਇਕ ਦੱਖਣੀ ਦੇਸ਼, ਜੋ ਸ੍ਰੀ ਸੈਨ ਤੋਂ ਚੋਲ ਰਾਜ ਦੇ ਮੱਧ ਤੀਕ ਹੈ[672]- **ਗਗ.੪: ਉ.੧**/੧੭੬੪; **ਉ.੩**/੧੭੯੦.

ਤਿਲੰਗ/ਰਾਗ/ਗੁ

ਬਿਲਾਵਲ ਠਾਟ ਦਾ ਔੜਵ ਰਾਗ, ਜਿਸ ਨੂੰ ਦਿਨ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ (ਅੰਗ-721-27) ਇਸ ਰਾਗ ਦਾ ਚੌਦਵਾਂ ਸਥਾਨ ਹੈ[673]- **ਬਾਲਾ: ੧੬**/੨੩੮ (ਤਿਲੰਗ ਰਾਗ, ਰਾਗ ਤਿਲੰਗ2); **੩੨**/੨੯੮ (ਰਾਗ ਤਿਲੰਗ); **੫੫**/੩੯੩. ਮਿਹ.**੧: ੧੩੯**/੪੬੩2 (ਤਿਲੰਗੁ ਰਾਗੁ). ਗਿਆ**:** ੪੧੯2, ੪੨੫, ੪302 ੪੩੨2, ੫੩੪, ੫੪੩. **ਗੁ.ਬਿ.੬: ੪**/੧੦੯; **੮**/੨੩੯. **ਮਪ-ਕ,ਭ-੧: ੪੮**/੩੭੨. **ਗਗ.੧: ਪੂ.੬**/੩੬੪. **ਗਗ.੩: ਪੂ.੬੨**/੧੫੯੧.

ਤਿਲੋਕਾ

---

[670] ਉਹੀ, ਪੰ. 291.

[671] ਮਹਾਨਕੋਸ਼, ਪੰ. 591.

[672] ਉਹੀ।

[673] ਉਹੀ।

ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਪ੍ਰੇਮੀ ਸਿੱਖ, ਜੋ ਆਤਮਗਿਆਨੀ ਅਤੇ ਮਹਾਨ ਯੋਧਾ ਸੀ[674]- **ਗੁ.ਬਿ.੬:** **੮**/੨੧੯-੨117 (ਤਿਲੋਕਾ ਸਿੱਖ, ਦਾਸ); **੯**/੪੧੪-੧੬2; **੧੧**/੪੪੫. **ਗਗ.੧:** **ਪੂ.੨੪**/੫੫੬

'ਤਿਲੋਕ ਸਿੰਘ'

ਨਾਭੇ ਅਤੇ ਜੀਂਦ ਵੰਸ਼ ਦਾ ਵਡੇਰਾ, ਬਾਬੇ ਫੂਲ ਦਾ ਵੱਡਾ ਸਪੁੱਤ੍ਰ, ਇਸ ਨੇ ਆਪਣੇ ਭਾਈ ਰਾਮ ਸਿੰਘ ਸਮੇਤ ਦਮਦਮਾ ਸਾਹਿਬ ਗੁਰੂ ਗੋਬਿੰਦ ਸਿਘ ਜੀ ਤੋਂ ਅੰਮ੍ਰਿਤਪਾਨ ਕੀਤਾ ਅਤੇ ਗੁ. ਸਾਹਿਬ ਨੇ ਇਨ੍ਹਾਂ ਨੂੰ ਹੁਕਮਨਾਮਾ ਬਖਸ਼ਿਆ[675]- **ਭੰਗੂ:** **੨੪.੧**/੬੭ (ਤਿਲੋਕਾ ਸਿੰਘ); **੩੩**/੮੫ (ਤਿਲੋਕਾ); **੧੬੧**/੪੩੧3. **ਗਗ.੩:** **ਪੂ.੬੮**/੧੬੭੮ (ਤਿਲੋਕਾ). **ਗਗ.੪:** **ਉ.੩**/੧੭੯੫ (ਤਿਲੋਕਾ); **ਉ.੯**/੧੮੩੦ (ਤਲੋਕਾ); **ਉ.੧੩**/੧੯੧੦ (ਤਾਲੋਕ ਸਿੰਘ); **ਉ.20**/੨੦੨੩ (ਤਲੋਕ); **ਉ.੩੫**/੨੨੮੮. **ਗਗ.੫:** **ਉ.੫੩**/੨੬੬੨; **ਉ.੫੪**/੨੭0੮ (ਚੌਧਰੀ ਤਿਲੋਕ ਸਿੰਘ); **ਉ.੫੫**/੨੭੨੧ (ਤਲੋਕ ਸਿੰਘ); **ਉ.੫੬**/੨੭੪੩ (ਚੌਧਰੀ ਤਿਲੋਕਾ ਸੁਤ ਫੂਲ).

> "ਫੂਲਵੰਸ਼ੀ ਤਿਲੋਕ ਸਿੰਘ ਸੰਬੰਧੀ ਸਾਨੂੰ ਦੋਹਾਂ ਪੰਥ ਪ੍ਰਕਾਸ਼ਾਂ ਵਿਚ 15 ਦੇ ਲੱਗਪਗ ਹਵਾਲੇ ਤਲੋਕ, ਤਾਲੋਕ ਸਿੰਘ, ਤਿਲੋਕਾ, ਅਤੇ ਤਿਲੋਕ ਸਿੰਘ ਰੂਪਾਂ ਵਿਚ ਪ੍ਰਾਪਤ ਹਨ। ਜ਼ਿਆਦਾਤਰ ਹਵਾਲੇ ਤਿਲੋਕ ਅਤੇ ਤਿਲੋਕਾ ਰੂਪ ਵਿਚ ਹਨ, ਜਦਕਿ 'ਤਿਲੋਕ ਸਿੰਘ' ਰੂਪ ਵਿਚ ਕੇਵਲ 2-3 ਕੁ ਹਵਾਲੇ ਪ੍ਰਾਪਤ ਹਨ।"

ਤਿਲੋਕ ਨਾਥ

ਮਜੀਠੇ ਦਾ ਕੋਈ ਵਿਅਕਤੀ- **ਗਗ.੫:** **ਉ.੫੭**/੨੭੭੦.

ਤਿਲੋਚਨ/ਨੁ

ਬਾਣੀਕਾਰ ਭਗਤ ਜੀ, ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ- ਮਿਹ.**੧:** **੨੪**/੭੩; **੫੯**/੧੮੯; **੭੬**/੨੫੨. **ਹਰਿ.੨:** **੪੧**/੨੪੬. **ਗੁ.ਬਿ.੬:** **੪**/੯੬ (ਤ੍ਰਿਲੋਚਨ); **੮**/੨੩੬ (ਤਿਲੋਚਨ);

---

[674] ਉਹੀ, ਪੰ. 592.

[675] ਉਹੀ।

ਛਿਬਰ: ੫/੪੩. **ਮਪ.ਕ,ਭ/ਖ-੨/੧: ੧੩**/੨੫੮ (ਤ੍ਰਿਲੋਚਨ ਸੰਤ). **ਗਗ.੧: ਪੂ.੬**/੩੬੯ (ਤ੍ਰਿਲੋਚਨ). **ਗਗ.੪: ਉ.੩੦**/੨੨0੨.

ਤੀਰਥ

ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਸਿੱਖ ਸਿਪਾਹੀ- **ਗੁ.ਬਿ.੬: ੯**/੪੧੪. **ਗਗ.੧: ਪੂ.੨੩**/੫੪੬.

ਤੀਲੋ

ਗੁਰੂ ਅਰਜਨ ਦੇਵ ਜੀ ਦੁਆਰਾ 'ਆਦਿ ਗ੍ਰੰਥ' ਦੀ ਸੰਪਾਦਨਾ ਸਮੇਂ ਆਪਣੀ ਰਚਨਾ ਲੈ ਕੇ ਆਇਆ ਕੋਈ ਭਗਤ- **ਗਗ.੧: ਪੂ.੬**/੩੬੯.

ਤੁਕਲਾਣੀ

ਭਾਈ ਰੂਪ ਚੰਦ ਦੇ ਪਿਤਾ ਸਾਧੂ ਦਾ ਨਗਰ- **ਗੁ.ਬਿ.੬: ੧੯**/੬੪੦-੪੩੩.

ਤੁੱਕੋ ਹੋਲਕਰ/ਹੁਲਕਰ

ਇਕ ਮਰਾਠਾ ਸਰਦਾਰ, ਭਾਰਤ ਵਿਚ ਮਰਾਠਾ ਸ਼ਕਤੀ ਦਾ ਉਭਾਰ ਕਰਨ ਵਾਲੇ ਸਰਦਾਰਾਂ ਵਿਚੋਂ ਇਕ- **ਭੰਗੂ: ੧੨0**/੩੧੬; **੧੨੧**/੩੨੪; **੧੫੩**/੩੯੬. **ਗਗ.੫: ਉ.੩੮**/੨੩੪੮.

ਤੁਖਾਰੀ, 'ਰਾਗ'

ਸੰਪੂਰਣ ਜਾਤੀ ਦੀ ਇਕ ਰਾਗਿਣੀ, ਇਸ ਨੂੰ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਦਾ ਬਾਈਵਾਂ (ਅੰਗ. 1107-17) ਸਥਾਨ ਹੈ[676]- **ਹਰਿ.੨: ੩**/੫੦. ਗਿਆ: ੩੩੯ (ਤੁਖਾਰ). **ਗੁ.ਬਿ.੬: ੪**/੧੦੯. ਛਿਬਰ: **੬**/੪੮ (ਰਾਗੁ ਤੁਖਾਰੀ2). **ਮਪ-ਕ,ਭ-੧: ੬੪**/੪੨੯ (ਰਾਗੁ ਤੁਖਾਰੀ). **ਗਗ.੩: ਪੂ.੬੨**/੧੫੯੧.

ਤੁੰਗ

ਅੰਮ੍ਰਿਤਸਰ ਦੇ ਨਜ਼ਦੀਕ ਕੋਈ ਪਿੰਡ ਜਿਸ ਵਿਚ ਕੁਸ਼ਟੀ ਪਤੀ ਨੂੰ ਦੁੱਖ ਭੰਜਨੀ ਬੇਰੀ ਕੋਲ ਛੱਡ ਕੇ ਪਤੀਬ੍ਰਤਾ ਇਸਤ੍ਰੀ ਭਿਖਿਆ ਲੈਣ ਗਈ ਸੀ- **ਗੁ.ਬਿ.੬: ੧੮**/੬੦੬. **ਕੁ.10: ੨੧**/੨੯੦.

ਤੁਜਕ ਬਾਬਰ

---

[676] ਉਹੀ, ਪੰ. 895.

ਮੁਗਲ ਸ਼ਾਸਕ ਬਾਬਰ ਦੀ ਸ੍ਵੈ-ਜੀਵਨੀ (ਰਚਨਾ) ਦਾ ਨਾਂ- **ਗਗ.੧: ਪੂ.੧੨**/੪੪੭.

ਤੁਰਕਸਤਾਨ

ਏਸ਼ੀਆ ਅਤੇ ਯੋਰਪ ਦੇ ਵਿਚਕਾਰ ਇੱਕ ਦੇਸ਼, ਜਿਸ ਦਾ ਪੂਰਬੀ ਭਾਗ ਚੀਨ ਦੇ ਅਧੀਨ ਅਤੇ ਪੱਛਮੀ ਰੂਸ ਦੇ ਅਧੀਨ ਹੈ[677]- **ਗਗ.੪: ਉ.੨੬**/੨੧੪੪. **ਗਗ.੫: ਉ.੫੨**/੨੬੫੪.

ਤੁਰਕੀ/ਤੋਰਕੀ

ਤੁਰਕੀ ਭਾਸ਼ਾ ਬੇਸ਼ਕ ਫ਼ਾਰਸੀ ਤੋਂ ਵਖਰੀ ਅਤੇ ਗੂੜ੍ਹ ਹੈ- ਪਰ ਜਨਮਸਾਖੀਆਂ ਵਿਚ ਇਹ ਫਾਰਸੀ ਦੀ ਹੀ ਵਾਚਕ ਹੈ[678]- **ਪੁਰਾ: ੩**/੨੫. **ਬਾਲਾ: ੮**/੧੯0. ਮਿਹ.**੧: ੬**/੧੫-੧੬4; **੧੧੭**/੩੮੭3 (ਤੁਰਕ ਮੰਤ੍ਰ3, ਤੁਰਕ ਭਾਖਾ). ਛਿਬਰ**: ੧0**/੧00.

ਤੁਲਸਾਂ

ਭੈਣ ਨਾਨਕੀ ਦੇ ਘਰ ਦੀ ਨੌਕਰਾਣੀ ਦਾ ਨਾਂ, ਜ਼ੋ ਬੜੀ ਅਗਿਆਕਾਰੀ ਸੀ[679]- **ਬਾਲਾ: ੮**/੧੯੫6 (ਤੁਲਸਾ ਲਉਡੀ2); **੯**/੧੯੯2; **੧੨**/੨੧੮ (ਤੁਲਸਾ ਲਉਡੀ); **੧੪**/੨੨੯-੩15 (ਤੁਲਸਾ ਲਉਡੀ); **੩੩**/੩023. **ਗਗ.੧: ਪੂ.੫**/੩੫੬ (ਤੁਲਸਾਂ, ਦਾਸੀ).

ਤੁਲਸੀਦਾਸ

ਰਾਜਪੁਰ (ਜ਼ਿਲ੍ਹਾ ਬਾਂਦਾ) ਦੇ ਵਸਨੀਕ ਬ੍ਰਾਹਮਣ ਵਿਦਵਾਨ ਜਿਨ੍ਹਾਂ ਨੇ ਹਿੰਦੀ ਭਾਸ਼ਾ ਵਿਚ ਰਾਮਾਯਣ ਦੀ ਮਨੋਹਰ ਰਚਨਾ ਕੀਤੀ[680]- ਛਿਬਰ**: ੧**/੩. **ਗਗ.੩: ਪੂ.੬੨**/੧੫੮੪. **ਗਗ.੫: ਉ.੫੯**/੨੮੩੭.

'ਤੁਲੰਬਾ'

ਪਾਕਿਸਤਾਨ ਵਿਚ ਸਿੰਧ ਦੇ ਕਿਨਾਰੇ ਨਗਰ, ਸੱਜਣ ਠੱਗ ਇਸੇ ਪਿੰਡ ਦਾ ਰਹਿਣ ਵਾਲਾ ਸੀ- **ਬਾਲਾ: ੪੯**/੩੮੧ (ਲੂੰਭਦੈ). **ਕੁ.੧0: ੧0**/੧੪0 (ਤੁਲੰਭ). **ਗਗ.੧: ਪੂ.੯**/੪੧੦ (ਤੁਲੰਭੇ ਰਾਮ).

ਤੂਰਾ ਚਉਹਾਣਾ ਜਟਾਂ ਦੇ ਦੇਸ਼

---

677 ਉਹੀ, ਪੰ. 597.

678 ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 127.

679 ਉਹੀ।

680 *ਮਹਾਨਕੋਸ਼,* ਪੰ. 598.

ਦੱਖਣ ਦਾ ਕੋਈ ਦੇਸ਼ ਜਿੱਥੇ ਬੰਦਾ ਬਹਾਦਰ ਲਛਮਣ ਦਾਸੁ ਬੈਰਾਗੀ ਦੇ ਰੂਪ ਵਿਚ ਰਹਿੰਦਾ ਸੀ- **ਛਿਬਰ: ੧੧**/੧੨੯.

ਤੇਗ ਸਿੰਘ

ਬੰਦਾ ਬਹਾਦਰ ਸਮੇਂ ਖਾਲਸਾ ਦਲ ਦਾ ਸਿੱਖ ਸਿਪਾਹੀ- **ਗਗ.੪: ਉ.੨੧**/੨੦੫੮; **ਉ.੨੬**/੨੧੪੦.

ਤੇਗ ਬਹਾਦਰ, ਗੁਰੂ

9ਵੇਂ ਸਤਿਗੁਰੂ, ਗੁਰੂ ਗੋਬਿੰਦ ਸਿੰਘ ਦੇ ਪਿਤਾ ਜੀ, ਜੋ ਹਿੰਦ ਦੀ ਚਾਦਰ ਨਾਂ ਨਾਲ ਜਾਣੇ ਜਾਂਦੇ ਹਨ- **ਗੁ.ਸੋ: ੧**/੩2 (ਸਤਿਗੁਰ, ਗੁਰ); **੨**/੮ (ਨਾਵੀ ਪਾਤਸ਼ਾਹੀ, ਤੇਗ।ਹੀ।ਬਹਾਦਰ); **੧੨**/੮੪ (ਦਾਦਾ). **ਗੁ.ਬਿ.੬: ੧**/੩ (ਬਾਬਾ, ਗੁਰੂ ਤੇਗ ਬਹਾਦਰ, ਦੀਨਨ ਸੁਖਦਾਇਕ); **੮**/੨੩੯-੪੫6 (ਬਾਬਾ, ਗੁ.33, ਪ੍ਰਭ/ਭੂ5, ਨਵਮ ਗੁਰੂ7, ਸਾਹਿਬ, ਅੰਤਰਜਾਮੀ, ਨਵਮ ਸਰੂਪ); **੯**/੩੧੮, ੭੮, ੪੦੫, ੪੧੧ (ਨਵਮ ਗੁ.3 ਤੇਗ ਬਹਾਦਰ2, ਥਾਨੀ ਤੇਗ, ਗੁਰ); **੧੭**/੫੫੮, ੮੭-੯੪11 (ਗੁਰ, ਸੁਤ ਗੁਰ, ਭ੍ਰਾਤ3); **੧੮**/੬੧੫; **੧੯**/੬੩੯, ੪੮, ੯੦ (ਤੇਗ2, ਤੇਗ ਬਹਾਦਰ); **20**/੬੯੫, ੭੦੨-੧26 (ਤੇਗ2, ਗੁਰੂ ਸੁਤ2 ਸਤਿਗੁਰ ਪੁਤ੍ਰ); **੨੧**/੭੪੬, ੫੧, ੭੭0-੭੧, ੭੯੫3 (ਤੇਗ2, ਛਠਮ ਗੁਰੂ ਸੁਤ, ਨਵਮ ਗੁਰੂ). **ਕੁ.10: ੧**/੧੯-੨੪ (ਗੁ.16, ਸ੍ਰੀ ਗੁਰਦੇਵ, ਤੇਗ ਬਹਾਦਰ2, ਗੁ. ਨਾਨਕ ਰੂਪ, ਨਵਮ ਗੁਰ, ਸਤਿਗੁਰ, ਤੇਗਾ, ਤੇ ਸੁਆਮੀ, ਦਿਆਲ, ਨਾਥ ਅਵਤਾਰੀ, ਕਲਪ ਤਰੋਵਰ ਸ੍ਰੀ ਗੁਰ, ਜਗਨੇਸਾ); **੨**/੨੬-੩੫ (ਗੁ.10, ਸ੍ਰੀ ਗੁਰੂ ਤੇਗ ਬਹਾਦਰ, ਈਸਹ); **੩**/੪੧-੪੭ (ਗੁ.5, ਸਤਿਗੁਰ ਕਰਤਾਰਾ, ਨਿਧਾਨ, ਸਤਿਗੁਰ, ਸਾਹਿਬ, ਪ੍ਰਭੂ/ਪ੍ਰਭ ਜੂ2, ਹਿੰਦੂ, ਅੰਤਰਜਾਮੀ, ਸ੍ਰੀ ਮੁਖ, ਗੁ. ਸਾਹਨ ਸਾਰ, ਪ੍ਰਭੂ ਅਵਤਾਰੀ, ਪੂਰਨ ਪੁਰਖ ਜੀ); **੪**/੪੮-੬੩ (ਗੁ.61, ਸਤਿਗੁਰ ਹਿੰਦੂ, ਸ੍ਰੀ ਗੁਰ ਭਾਰੇ, ਸੁਖਕਾਰੀ, ਫਕੀਰਨ, ਸਾਹਿਬ, ਸ੍ਰੀ ਹਰਿ3, ਵਿਸ਼ਨੂੰ ਸਰੂਪ, ਪ੍ਰਭੂ, ਗੁਰੂ ਤੇਗ ਬਹਾਦਰ ਜੀ2, ਗੁਰਦੇਵ, ਸ੍ਰੀ ਗੁਰ ਸਾਈ, ਪ੍ਰਭ/ਪ੍ਰਭੂ8, ਸੁਖਕੇਤੂ, ਤਿਆਗੀ, ਕਾਮਲ, ਦਾਸਨ ਦਾਸ); **੯**/੧੩੧- (ਨੌਮਗੁਰ); **੧੦**/੧੫੦-੫੬ (ਕ੍ਰਿਪਾ ਸਿੰਧ, ਗੁਰ7, ਤੇਗ ਬਹਾਦਰ); **੧੬**/੧੯੬-੨੧੨ (ਨੌ ਗੁਰ, ਸਾਚੇ ਗੁਰੂ, ਸਾਚ ਗਰੂ ਅਵਤਾਰ, ਹਿੰਦੂਆਂ ਦੇ ਪੀਰ, ਸਾਹਿਬ); **੨੧**/੨੮੧-੮੯ (ਨਾਵੀ ਪਤਿਸਾਹੀ, ਸੁਆਮੀ, ਸਤਿਗੁਰ, ਪਿਤਾ). **ਸੁ.10: ੧**/੭-੧੫ (ਬਾਬਾ2 ਸਤਿਗੁਰ4, ਤੇਗ ਬਹਾਦਰ2, ਦੀਪਕ ਦੀਪ, ਸਿਰੋਮਣਿ ਸਾਹਿਬ, ਆਦਿ ਅਨਾਦਿ,

ਮਹਾਂ ਸੁਖਦਾਈ, ਸ੍ਰੀ ਗੁਰ ਕਰਤਾ ਮਹਾਰਾਜਾ, ਪ੍ਰਭ, ਸਾਹਿਬ, ਜਗਦੀਸ, ਬਾਬਾ ਤੇਗਾ2, ਤੇਗਾ ਸੋਢੀ, ਸਾਹਬ, ਸਾਧ ਰੂਪ, ਕਰੁਦਾ ਨਿਧਾਨ, ਖਲ ਦਲ ਖੰਡਨ, ਕੁਲ ਕਲਸ, ਦੀਪ ਜਨ, ਬਹਾਦਰ ।ਸੁ। ਤੇਗ, ਨਿਧਾਨਾ, ਅਚੁਤ ਪੁਰਖ, ਪ੍ਰਭੂ ਪਗਵਾਨਾ, ਪ੍ਰਪ4, ਕਲਪ ਤਰੋਵਰ, ਸੰਤ, ਪੂਰਨ ਪੁਰਖ, ਜਗਤ ਗੁਰ ਸਵਾਮੀ, ਕਮਲ ਨੈਨ, ਅੰਤਰ ਕੇ ਜਾਮੀ, ਦੀਨ ਕੇ ਦਯਾਲਾ, ਗੁਰੂ, ਕ੍ਰਿਪਾ ਸਿੰਧ4, ਸਤਿਗੁਰ ਕਰਤਾਰਾ, ਸਗਲ ਘਟਾ ਕੀ ਜਾਨਨਹਾਰਾ, ਕਰੁਣਾ ਸਿੰਧ, ਗੁਰਦੇਵ4, ਮਹਾਰਾਜ, ਗੁ. ਮਹਾਰਾਜ, ਪ੍ਰਭ, ਨਾਥ, ਜਗਤ ਪੂਜ਼ ਕਰਤਾਰ, ਕਰੁਨਾਨਿਧ, ਕ੍ਰਿਪਾ ਨਿਧਿ2, ਗਰੀਬ ਨਿਵਾਜਾ2, ਮਹਾਰਾਜ, ਦਯਾਸਿੰਧ, ਪ੍ਰਭੂ ਦੀਨਤਾਈ, ਦਿਯਾਲਾ, ਜ਼ੋਧਾ ਅਵਤਾਰ); **੨**/੧੭-੨੮ (ਦੀਨਬੰਧ ਦਯਾਲ, ਸਾਹਿਬ ਖਗ ਬਹਾਦਰ ਰਾਇ, ਮਹਾਰਾਜੈ2, ਦੀਨ ਦਿਆਲ ਗਰੀਬ ਨਿਵਾਜੈ2, ਦਯਾਸਿੰਧ ਕਰਤਾਰ, ਭਗਤ ਜ਼ੋਗ, ਸਤਿਗੁਰ5, ਸ੍ਰੀ ਮਹਾਰਾਜਾ, ਜਗਤ ਸਿਰਤਾਜਾ, ਗੁਰੂ ਜੀ2, ਕ੍ਰਿਪਾਸਿੰਧ, ਮੁਕੰਦਾ, ਸਾਹਿਬ, ਗੁਰਦੇਵ, ਕ੍ਰਿਪਾ ਸਿੰਧ ਭਗਵਾਨ); **੩**/੬-੪੩2 (ਗੁਰ, ਗੁਰੂ ਤੇਗ ਬਹਾਦਰ ਸੰਤਾ, ਕਰੁਨਾਸਿੰਧ, ਮਹਾਰਾਜ, ਬਾਬਾ ਤੇਗ ਬਹਾਦਰ ਰਾਈ, ਕ੍ਰਿਪਾਨਿਧ, ਦੀਪ ਸਿਰੋਮਣਿ, ਕਰੁਣਾਨਿਧਿ, ਜਗ ਭੁਖਣ, ਗਤ ਅਵਤੰਸੁ, ਜਗਤ ਪੂਜ਼ ਅਵਤਾਰ); **੪**/੫੫ (ਤੇਗ ਬਹਾਦਰ ਰਾਇ); **੫**/੫੮-੭੬ (ਸਤਿਗੁਰ, ਹਜੂਰ, ਤ੍ਰਿਕਾਲਗ, ਨਾਥ3, ਮੁਕੰਦ, ਨਿਧਾਨ3, ਦਿਆਲ2, ਕਰੁਨਾਨਿਧਾਨ2, ਸਿੰਧ, ਬਹਾਦਰ।ਸੁ। ਤੇਗ, ਦਯਾਰ, ਗੁਰ8, ਗੁਰਦੇਵ, ਗੁ. ਪਾਕ ਜਾਮਾ, ਗੁ. ਜੀ ਨਿਧਾਨਾ, ਤੇਗ ਬਹਾਦਰ ਗੁਰੂ); **੧੪**/੨੦੮-੧0 ਤੇਗ ਬਹਾਦਰ, ਕ੍ਰਿਪਾਨਿਧਾਨਾ, ਸਤਿਗੁਰ5, ਗੁ4, ਨਾਥ, ਗੁ. ਜਗਤ ਸੁਖਦਾਈ, ਪ੍ਰਭੂ3, ਦਯਾਸਿੰਧ, ਤੇਗ ਬਹਾਦਰ ਕ੍ਰਿਪਾਨਿਧਾਨਾ); **੨੮**/੪੨੦-੨੨2 (ਗੁਰਦੇਵ ਜੀ5, ਪ੍ਰਭੂ ਮਹਾਰਾਜ). ਛਿਬਰ: **੬**/੫੩-੫੭3; **੭**/੬੦; **੮**/੬੪; **੯**/੬੪-੭੭22 (ਸੋਢੀ, ਸਾਹਿਬ35, ਬਾਬਾ ਜੀ3, ਬਾਬਾ ਤੇਗ ਬਹਾਦਰ, ਚਾਚਾ2, ਗੁ.5, ਗੁਰੂ ਤੇਗ ਬਹਾਦਰ ਸਤਿਗੁਰੂ, ਬੰਦਗੀ ਵਾਲਾ।ਹੈ। ਸੁਲਤਾਨ, ਤੇਗ ਬਹਾਦਰ, ਨਾਨਕ ਸਾਹੀ ਗੰਦੀ ਦਾ ਵਾਰਸ, ਗਰੀਬ ਨਿਵਾਜ3, ਬਲੀ ਸਾਹਿਬ, ਪੀਰ ਫਕੀਰ, ਕਰਨ ਕਾਰਨ ਸਮਰਥ, ਸਾਚੇ ਪਾਤਸਾਹ2, ਹਿੰਦ2, ਸ੍ਰੀ ਤੇਗ ਬਹਾਰ ਜੀ); **੧0**/੭੭-੭੮, ੮੬, ੯੬, ੧੦੬-੦੮ (ਤੇਗ ਬਹਾਦਰ ਜੀ5, ਗੁਰੂ ਤੇਗ ਬਹਾਦਰ ਜੀ4, ਸਾਹਿਬ); **੧੨**/੧੪੦; **੧੪**/੧੫੧-੫੯ (ਨਾਵੀ ਪਾਤਸਾਹੀ, ਗੁਰੂ ਤੇਗ ਬਹਾਦਰ5). **ਮਪ.ਵ: ੮੫**/੧੨੮; **੧੨੦**/੧੭0 (ਬਾਬਾ ਜੀ); **੧੨੧**/੧੭੧-੭੩6 (ਗੁ. ਜੀ24, ਸਤਿਗੁਰ, ਸਾਹਿਬ,

ਬਾਬਾ, ਸਚੇ ਪਾਤਸ਼ਾਹ2, ਬੇਟਾ ਤਪਵਾਨ, ਭਜਨਾਨ, ਸੰਤੋਖ ਮੂਰਤਹਿ); **੧੨੩**/੧੭੩ (ਗੁ.ਜੀ4, ਸਚੇ ਪਾਤਸਾਹ2); **੧੨੪**/੧੭੩-੭੪ (ਗੁਰੂ ਤੇਗ ਬਹਾਦਰ, ਗੁ.ਜੀ7, ਬੇਟਾ); **੧੨੫**/੧੭੪-੭੬3 (ਗੁ.ਜੀ14, ਗੁ. ਬਾਬੇ3, ਹਿੰਦੂਆਂ ਕਾ ਪੀਰ2, ਸਚੇ ਪਾਤਸਾਹ4, ਮਹਰਵਾਨ, ਨਾਵਾ ਮਹਲਾ); **੧੨੬**/੧੭੭-੮13 (ਗੁ.2, ਗਿਆਨੀ, ਮਹਾਂਪੁਰਖ, ਰਮਦਾਸ. **ਮਪ-ਕ,ਭ/ਖ-੨/੨: ੫**/੪੧੭ (ਸ੍ਰੀ ਤੇਗ ਬਹਾਦਰ, ਗਿਆਨ ਸਰੂਪ); **੪**/੬੧੯ (ਬਾਬਾ ਜੀ, ਦੀਨ ਦਿਆਲੇ, ਗੁ. ਪੂਰਨ, ਗੁ. ਸਰਬ ਬਿਆਪੀ); **੧**/੬੨੪-੬੨੮ (ਬਾਬਾ ਜੀ, ਗੁਰੂ ਤੇਗ ਬਹਾਦਰ ਜੀ, ਪ੍ਰਭ5, ਗੁਰ, ਗੁ ਅਵਤਾਰ, ਪਰਮ ਬਿਨਾਨੀ, ਦਿਆਲ, ਪੂਰਨ, ਸਤਿਗੁਰ ਦੀਨ ਦਿਆਲ, ਸਤਿਗੁਰ10); **੨**/੬੩੦-੩13 (ਸਤਗੁਰ ਕਿਰਪਾ ਨਿਧਾਨ, ਦਿਆਲ2, ਸਦਾ ਦਿਆਲ, ਕ੍ਰਿਪਾਲ, ਦਇਆਨਿਧ, ਅੰਤਰਜਾਮੀ, ਦੀਨ ਬੰਧ, ਪਤਤਪਾਵਨ); **੩**/੬੩੨-੩੬2 (ਗੁਰ ਦਿਆਲ, ਕ੍ਰਿਪਾਵੰਤ, ਗੁਰਦਿਆਲ, ਗੁਰ10, ਗੁਰ ਪੂਰੇ, ਸਤਿਗੁਰ11, ਸਤਿਗੁਰ ਅੰਤਰਜਾਮੀ, ਦਿਆਲ2, ਗੁ. ਅੰਤਰਜਾਮੀ, ਪਾਰਬ੍ਰਹਮ); **੪**/੬੩੭-੪੨ (ਗੁਰ ਅੰਤਰਜਾਮੀ, ਸਤਿਗੁਰ8, ਗੁਰ12, ਦਾਤਾ ਨਿਧਾਨ, ਦੀਨਦਿਆਲ); **੫**/੬੫੪੪-੪੬ (ਜਾਨਨਹਾਰ ਸੁਆਮੀ, ਘਟ-ਘਟ ਅੰਤਰਜਾਮੀ, ਸਤਗੁਰ5, ਗੁਰੂ ਤੇਗ ਬਹਾਦਰ ਜੀ, ਹਿੰਦੂਪਤ, ਫਕਰ, ਸ੍ਰੀ ਸਤਗੁਰ ਜੀ, ਹਿੰਦੂ ਕੇ ਗੁਰ, ਸਾਹਬ); **੬**/੬੪੯-੫੨ (ਆਲਮਗੀਰ ਗੁਰ, ਜਗ ਗੁਰੂ, ਸਤਿਗੁਰ ਜੀ5, ਦਿਆਲ, ਸਤਿਗੁਰ ਦਿਆਲ, ਸ੍ਰੀ ਸਤਗੁਰ, ਗੁਰ ਕਰਤਾਰਾ, ਗੁਰਮੁਖ, ਆਲਮਗੀਰ); **੭**/੬੫੩-੫੯ (ਦਇਆਲ, ਸਤਿਗੁਰ ਦਿਆਲ2, ਗੁਰ ਅੰਤਰਜਾਮੀ); **੮**/੬੬੧-੬੪ (ਸਤਗੁਰ9, ਦਿਆਲ ਗੁਰ, ਗੁਰ, ਸੰਤ, ਸ੍ਰੀ ਸਤਿਗੁਰ2, ਗੁ. ਅਵਤਾਰਾ, ਕਿਰਪਾ ਨਿਧਾਨ); **੯**/੬੬੬-੬੯ (ਸ੍ਰੀ ਸਤਗੁਰ, ਗੁ.15, ਪ੍ਰਭ ਅੰਤਰਜਾਮੀ, ਸਤਗੁਰ ਪਿਆਰਾ, ਅੰਤਰਜਾਮੀ ਸਤਿਗੁਰ, ਸਰਧਾ ਪੂਰਨ ਜ਼ੋਗ); **੧0**/੬੭੧-੭੫ (ਗਿਆਨ ਸਿੰਧ ਸਤਗੁਰੂ, ਪਾਰਗ੍ਰਾਮੀ, ਗੁਰ ਅੰਤਰਜਾਮੀ, ਦਿਆਲ ਸਤਿਗੁਰ); **੧੧**/੬੭੭-੭੯ (ਸਤਗੁਰ ਪੂਰਨ ਗਿਆਨ, ਗੁਰ ਦਿਆਲ2, ਬਿਸਨ ਅਵਤਾਰ, ਸ੍ਰੀ ਗੁਰ, ਸਤਗੁਰੂ5; **੧੨**/੬੮੧-੮੨ (ਪ੍ਰਭ, ਸਤਗੁਰ4, ਗੁਰ ਦਿਆਲ); **੧੩**/੬੮੩-੮੪ (ਸ੍ਰੀ ਸਤਿਗੁਰ, ਗੁਰ ਸਰੂਪ, ਸ੍ਰੀ ਗੁਰਦੇਵ ਜੀ, ਸਤਿਗੁਰ6); **੧੪**/੬੮੫-੮੭ (ਗੁਰ4, ਪ੍ਰਭ2, ਸਤਗੁਰ10, ਗੁਨਧੀਰ, ਗੁਰ ਸੁਆਮੀ, ਗੁਰ ਅੰਤਰਜਾਮੀ2, ਸਤਿਗੁਰ ਦਿਆਲ, ਸਤਿਗੁਰ ਪਿਆਰਾ); **੧੫**/੬੮੯-੯੧ (ਸਤਗੁਰ9, ਗੁਰ6, ਦਿਆਲ6); **੧੬**/੬੯੩-੯੭ (ਸਤਗੁਰ8, ਗੁਰ

ਕਿਰਪਾ ਨਿਧਾਨ, ਗੁਰ7, ਪ੍ਰਭੁ5, ਪ੍ਰਭ ਦਿਆਲ, ਪ੍ਰਭ ਦੀਨ ਬੰਧ ਦਿਆਲ, ਸਤਿਗੁਰ ਦੇਵ); **੧੭**/੬੯੯ (ਸਤਗੁਰ ਿ◌ਾਲ3, ਦਿਆਲ ਪ੍ਰਭ, ਦਿਆਲ ਪੁਰਖ, ਸਤਗੁਰ ਸੰਤ, ਪੂਰਨ ਭਗਵਾਨਾ, ਦੀਨ ਬੰਧ ਗੁਰ); **੧੮**/੭੦੬-੧੦ (ਧਾਰ ਘਰਨ, ਕਾਰਨ ਕਰਨ, ਤਾਰਨ ਤਰਨ ਦਿਆਲ, ਭਵਧਾਰ ਉਤਾਰਨਹਾਰ); **੧੯**/੭੧੨-੧੮3 (ਦਿਆਲਾ, ਸ੍ਰੀ ਸਤਿਗੁਰ3, ਦਿਆਲ ਗੁਰ, ਦਿਆਲ, ਪ੍ਰਭ ਸਤਗੁਰ ਜੀ); **੧**/੭੨੨ (ਕ੍ਰਿਸਨ ਰੂਪ ਪਰਮਗੁਰ, ਸਤਿਗੁਰ ਦਿਆਲ ਤੇਗ ਬਹਾਦਰ); **੩**/੭੩੧ (ਪ੍ਰਿਥਮ ਸਤਗੁਰ, ਸਤਗੁਰ ਜੀ). **ਭੰਗੂ: ੧੨**/੨੩ (ਤੇਗ ਬਹਾਦਰ, ਗੁਰ); **੧੩**/੨੪-੯ (ਤੇਗ ਬਹਾਦਰ2, ਬਡਕਲਧਾਰੀ, ਗੁਰ ਅਵਤਾਰਾ, ਸਤਿਗੁਰ/ਜੀ12, ਗੁਰੂ ਤੇਗ ਬਹਾਦਰ, ਸਤਿਗੁਰ ਸੂਰੇ, ਨਾਨਕ ਸਤਿਗੁਰ ਕਲਧਾਰੀ, ਗੁ.5, ਪਾਤਸ਼ਾਹ ਸਾਚੋ); **੧੫**/੩12; **੬0.੨**/੧੪੬; **੭੨**/੧੬੮; **੭੩**/੧੬੯-੭੦2; **੧02**/੨੫੮; **੧0੪**/੨੭੧; **੧੨੮**/੩੩੦; **੧੫੧**/੩੯੨; **੧੫੫**/੪੦੨; **੧੫੭**/੪੧੭-੧੯2 (ਹਿੰ◌ੂਦ ਪੀਰ, ਸਤਿਗੁਰ). **ਗਗ.੧: ਪੂ.੨**/੩੧੨; **ਪੂ.੩**/੩੩੦ (ਨੌਮੇ ਪਾਤਸ਼ਾਹ, ਗੁਰ, ਬਲੀ ਅਵਤਾਰ, ਹਿੰਦੂ ਧਰਮ ਕੇ ਗਰਜੀ); **ਪੂ.੪**/੩੪੫ (ਤਯਾਗ ਬਹਾਦਰ, ਚਾਦਰ ਹਿੰਦੁ, ਗੁਰ ਨੌਮੇਂ); **ਪੂ.੧੯**/੫੦੦-੦੨ (ਨੰਦਨ ਖਸ਼ਟ ਗੁਰੁ, ਨੌਮ ਗੁਰ); **ਪੂ.੨੬**/੫੮੫; **ਪੂ.੨੮**/੬੧੨. **ਗਗ.੨: ਪੂ.੩0**/੮੯੧; **ਪੂ.੩੨**/੯੭੫ (ਬਾਬਾ ਜੀ); **ਪੂ.੩੩**/੯੭੯-੯੯੨ (ਗੁ.22, ਤਯਾਗ ਬਹਾਦਰ, ਤੇਗ ਬਹਾਦਰ, ਸਰਬੰਗ ਗੁਰੂ3, ਬਾਬਾ ਬਕਾਲਹਿ, ਚਾਦਰ ਹਿੰਦ3 ਤਾਰਨ ਤਰਨ ਜਗ, ਕ੍ਰਿਪਾਲ, ਨੌਮ ਗੁਰ, ਸਬ ਸਿਖਨ ਕੇ ਗੁਰੂ) ਗੁਰ ਪੂਰਨ, ਪੂਰਨ ਪੁਰਖ ਚਾਦਰ ਹਿੰਦਨ, ਗੁਰ ਨੌਮਹਿ); **ਪੂ.੩੪**/੯੯੯-੧੦੨੫ (ਗੁਰ ਵਾਰੀਆ, ਮੂਰਤਿ ਰਹਮ, ਤੀਰਥਨ ਕੋ ਤੀਰਕ, ਪੂਰਨਕਾਮੀ, ਗੁਰੁ ਸ੍ਵਾਮੀ, ਗੁਰੁ ਸ੍ਰਬੱਗ, ਗੁਰਨੌਮ, ਸਰਬਗ ਅੰਤਰਜਾਮੀ, ਸਮ੍ਰੱਥ ਸ੍ਵਾਮੀ, ਤੇਗ ਬਹਾਦਰ ਸ੍ਵਾਮੀ, ਗੁਰ ਪਰਮੇਸਰ, ਸਤਿਗੁਰ15, ਅੰਤਰਯਾਮੀ, ਪੀਰ ਵਲੀ, ਬਡ ਕਾਮਲ2); **ਪੂ.੩੫**/੧੦੩੩-੪੯ (ਤ੍ਰਿਕਾਲਗ, ਸਰਬੱਗ, ਗੁਰੁ50, ਸ੍ਰੀ ਮੁਖ, ਬਲੀ ਬਡ ਤੇਗ ਬਹਾਦਰ, ਧੀਰ ਕਰਮਾਤੀ, ਸਤਿਗੁਰ, ਦਾਸਨਿ ਸੁਖਦਾਨੀ, ਸਤਿਗੁਰ31)); **ਪੂ.੩੬**/੧੦੫੧ (ਪਾਰਬ੍ਰਹਮ ਬਪੁ, ਨੌਮ ਗੁਰ, ਸਤਿਗੁਰ, ਗੁਰੂ12, ਤੇਗ ਬਹਾਦਰ, ਗੁਰੂ ਸਾਹਿਬ, ਭਗਵੰਤ, ਸ੍ਵਾਮੀ); **ਪੂ.੩੭**/੧੦੬੭-੭੭ (ਗੁਰ43, ਨੌਮੇ ਗੁਰੂ2, ਗੁਰ ਨੌਮ; **ਪੂ.੩੮**/੧੧੧੭-੨੬ (ਗੁ.27, ਪ੍ਰਭ, ਨੌਮ ਗੁਰ8, ਸਤਿਗੁਰ12, ਦਬਾ ਕੇ ਸਿੰਧ); **ਪੂ.੩੯**/੧੧੨੭-੪੫ (ਹਿੰਦਨਿ ਚਾਦਰ, ਰੰਖਕ ਸਾਦਰ,ਉਪਕਾਰੀ, ਪੂਰਨ ਕਾਮੀ, ਪ੍ਰਭ,

ਤ੍ਰਿਕਾਲਗਯ, ਸਰਬ ਸ਼ਕਤਿਯੁਤ, ਈਸ, ਜਗਤੇਸਿ, ਪ੍ਰਭ ਸਤਿਗੁਰ, ਨੌਮ ਗੁਰ, ਸਤਿਗੁਰ, ਕਰਤਾਰ ਅਵਤਾਰ); **ਪੂ.੪੦**/੧੧੪੬-੬੧ (ਗੁ. ਨੌਮ, ਪੀਰ ਹਿੰਦ ਕੇ, ਦਰਵੇਸ਼, ਫੰਕ੍ਰ, ਬੇਪਰਵਾਹ, ਬ੍ਰਹਮ ਗਿਯਾਨੀ, ਗੁਰ, ਕਿਰਪਾਲ ਗੁਰ, ਸਰਬ ਸ਼ਕਤਿ ਮਤ ਸਮ੍ਰਥ, ਤਰਨ ਤਾਰਨ, ਗੁਰੂ9, ਪੀਰਨ, ਸਤਿਗੁਰ3, ਬ੍ਰਹਮ ਗਿਆਨੀ ਸੰਤ, ਪੀਰ ਹਿੰਦੁ ਕਾ, ਸਮਦਰਸੀ); **ਪੂ.੪੧**/੧੧੬੧-੭੯ (ਤੇਗ ਬਹਾਦਰ ਸਤਿਗੁਰੂ, ਅਖੰਡ, ਪੂਰਨ ਪੁਰਖ, ਸੰਤ ਬੇ ਪਰਵਾਹ, ਪੈਕੰਬਰ, ਗੁ.12, ਨੌਮ ਗੁਰ, ਪੀਰ ਹਿੰਦਾਨ, ਗੁਰੂ ਪੂਰਨ, ਗੁਰੂ ਜਗਤੇਸੈਂ, ਗੁ. ਨੌਮੇਂ4); **ਪੂ.੪੨**/੧੨੦੨-03 (ਤੇਗ ਜੂ ਬਹਾਦਰ, ਨੌਮ ਗੁਰ2); **ਪੂ.੪੪**/੧੨੩੭-੫੪ (ਸ੍ਰੀ ਗੁਰ ਨੌਮ, ਸਿੱਧ ਸ੍ਰੀ ਮਹਾਰਾਜ, ਭਵਾਂਬੁਧ ਤਾਰਕ ਜ਼ਸੈ, ਠਾਕੁਰ, ਗੁਰ ਨੌਮਹਿ2, ਸ੍ਰੀ ਮੁਖ, ਨੌਮ ਗੁਰੂ, ਸਤਿਗੁਰ ਅਵਤਾਰ, ਪੀਰ ਫਕੀਰ, ਪ੍ਰਭ/ਪ੍ਰਭਿਹ15, ਸਤਿਗੁਰ17, ਗੁਰ ਜਗਦੀਸਿਹ, ਸਮ੍ਰੱਥ ਗੁਰ ਬਿਅੰਤ ਗੁਰੂ ਭਗਵੰਤ, ਸਾਚੇ ਗੁਰੂ); **ਪੂ.੪੫**/੧੨੫੭-੬੭ (ਗੁ.16, ਗੁਰ ਨੌਮ4, ਗੁ. ਬਾਬੇ, ਤੇਗ ਬਹਾਦਰ ਹੈ ਗੁਰ ਗੌਰੈ, ਸਤਿਗੁਰ7); **ਪੂ.੪੬**/੧੨੭੦-੮੬4 (ਬਡਗੁਰੂ, ਨੌਮ ਗੁਰੂ7, ਗੁ.17, ਪ੍ਰਭ6, ਗੁਰੈਂ ਜਗਦੀਸ, ਸੁਰਿੰਦ ਪਰਤਾਪ, ਤੇਜ਼ ਦਨਿੰਦ); **ਪੂ.੪੭**/੧੨੯੪-੧੩੦੭ (ਗੁਰ12, ਸਤਿਗੁਰ, ਸਤਿਗੁਰ ਸਾਚੇ ਅਵਤਾਰੀ); **ਪੂ.੪੮**/੧੩੦੭-੨੧ (ਗੁ.70, ਸਾਚੇ ਗੁਰ, ਸਤਿਗੁਰ ਤੇਗ ਬਹਾਦਰ, ਗੁਰ ਨਾਨਕ ਨੌਂਮੇ, ਬਡੇ ਗੁਰ, ਸਤਿਗੁਰ4, ਪਾਤਿਸ਼ਾਹਿ ਸਾਚੇ); **ਪੂ.੪੯**/੧੩੨੨-੨੯ (ਗੁਰ18 ਸੁਰਪਤਿ, ਕ੍ਰਿਪਾਲ, ਸਤਿਗੁਰ, ਪਿਤਾ, ਪ੍ਰਭ ਜੀ). **ਗਗ.੩: ਪੂ.੫੨**/੧੩੮੨ (ਆਨਕ ਸੁਖ ਦਾਇ ਸਦ, ਨੌਮ ਗੁਰੁ); **ਪੂ.੫੬**/੧੪੭੮ (ਨੌਮ ਗੁਰੂ); **ਪੂ.੫੮**/੧੫੦੦-੦੧ (ਨੌਮ ਗੁਰੂ, ਗੁਰ); **ਪੂ.੬੩**/੧੫੯੫ (ਤੇਗ ਬਹਾਦਰ ਸ੍ਰੀ ਗੁਰੂ); **ਪੂ.੭੧**/੧੭੨੩ (ਨਵ ਗੁਰੂ). **ਗਗ.੪: ਉ.੧**/੧੭੪੧ (ਗੁਰ।ਜਿ। ਨੌਮ ਈਸ); **ਉ.੪**/੧੮੦੫ (ਗੁਰੁ ਨੌਮੇਂ); **ਉ.੧੨**/੧੮੯੮ (ਤੇਗ।ਜੂ। ਬਹਾਦਰ); **ਉ.੧੩**/੧੯੧੧ (ਨੌਮ ਗੁਰੁ); **ਉ.੧੭**/੧੯੭੯-੮੫ (ਨੌਮ ਗੁਰੂ, ਗੁਰੂ ਨੌਮ2, ਗੁਰੁ); **ਉ.੨0**/੨੦੩੪ (ਗੁਰੈਂ); **ਉ.੨੭**/੨੧੫੭ (ਨੌਮ ਗੁਰੁ); **ਉ.੨੮**/21੬੧ (ਗੁਰੁ ਨੌਮ, ਤਯਾਗ ਬਹਾਦਰ ਗੁਰੂ); **ਉ.੨੯**/੨੧੬੯-੭੩ (ਨੌਮ ਗੁਰੂ2); **ਉ.੩0**/੨੨੦੦ (ਤੇਗ ਬਹਾਦਰ ਨੰਦਨ ਨਾਦਰ); **ਉ.੩੩**/੨੨੦੦ (ਤੇਗ ਬਹਾਦਰ ਨੰਦਨ ਨਾਦਰ); **ਉ.੩੩**/੨੨੫੨ (ਗੁਰੁ ਤੇਗ ਬਹਾਦਰ). **ਗਗ.੫: ਉ.੪੨**/੨੪੧੫ (ਗੁਰੁ ਤੇਗ ਬਹਾਦਰ); **ਉ.੪੯**/੨੫੨੯-੩੨ (ਗੁਰੂ5, ਨੌਮ ਗੁਰੂ); **ਉ.੫੯**/੨੮੪੦-੬੭ (ਸ੍ਰੀ ਗੁਰ

ਨੌਮ, ਗੁਰ ਨੌਮ3, ਨੌਮ ਗੁਰ3, ਤੇਗ ਬਹਾਦਰ ਗੁਰੂ, ਗੁਰ ਸੁਖ ਧਾਮੁ, ਗੁਰੂ10); **ਉ.੬੦**/੨੯੨੩ (ਗੁਰੂ ਨੌਮੇ, ਸੁਖ ਦਾ ਸੋਮੇ).

> "ਗੁਰੂ ਤੇਗ ਬਹਾਦਰ ਜੀ ਸੰਬੰਧੀ ਵਿਚਾਰਾਧੀਨ ਸਿੱਖ ਸਰੋਤ ਗ੍ਰੰਥਾਂ ਵਿਚ ਗੁਰਬਿਲਾਸ ਪਰੰਪਰਾ ਅਤੇ ਪ੍ਰਕਾਸ਼ ਪਰੰਪਰਾ ਦੇ ਗ੍ਰੰਥਾਂ ਵਿਚ ਲੱਗਪਗ 1600 ਹਵਾਲੇ ਪ੍ਰਾਪਤ ਹਨ। ਸਭ ਤੋਂ ਵੱਧ ਹਵਾਲੇ ਮਪ (ਕਵਿਤਾ) ਅਤੇ ਗਿ. ਗਿਆਨ ਸਿੰਘ ਕ੍ਰਿਤ ਦੀ ਦੂਜੀ ਜਿਲਦ ਵਿਚੋਂ ਪ੍ਰਾਪਤ ਹੋਏ ਹਨ। ਪ੍ਰਾਪਤ ਹਵਾਲਿਆਂ ਦੇ ਸਰੂਪ ਸਭ ਤੋਂ ਘੱਟ ਗੁਰੂ ਤੇਗ ਬਹਾਦਰ, ਨੌਮ ਗੁਰੂ ਅਤੇ ਸਤਿਗੁਰ/ਰੂ ਰੂਪ ਹਨ। ਸਭ ਤੋਂ ਵਧੇਰੇ ਹਵਾਲੇ ਗੁਰ/ਗੁਰੂ/ਗੁਰਹਿ ਰੂਪਾਂ ਵਿਚ ਹਨ। ਇਸ ਤੋਂ ਇਲਾਵਾ, ਨੌਮ ਗੁਰੂ, ਸਮਰਥ ਬਪ, ਭਵ ਪਾਰ ਉਤਾਰਨਹਾਰ, ਸ਼ਕਤੀਵੰਤ, ਖਸ਼ਟ ਗੁਰ ਸੁਤ, ਕਲਾਧਾਰੀ, ਪੂਰਨ ਪੁਰਖ, ਬਿਅੰਤ, ਗੁਰ ਅੰਤਰਜਾਮੀ, ਸਤਿਗੁਰ ਦੀਨ ਦਿਆਲ, ਦੁਖ ਦਲਨ ਗੁਰੂ, ਬੰਦਗੀ ਵਾਲਾ, ਸੁਲਤਾਨ, ਪੀਰ ਫਕੀਰ, ਹਿੰਦਨ ਚਾਦਰ, ਹਿੰਦੂ ਅਤੇ ਸੋਢੀ ਕੁਲਕੇਤੂ ਆਦਿ ਬੇਅੰਤ ਸਰੂਪਾਂ ਵਿੱਚ ਸਾਨੂੰ ਗੁਰੂ ਜੀ ਸੰਬੰਧੀ ਸੰਦਰਭ ਪ੍ਰਾਪਤ ਹਨ।"

ਤੇਗੂ ਸਿੰਘ

ਮਜੀਠੇ ਦੇ ਮੁਖੀ ਸਰਦਾਰਾਂ ਵਿਚ ਕੋਈ- **ਗਗ.੫: ਉ.੫੭**/੨੭੨੪

ਤੇਜ ਭਾਨ

ਗੁਰੂ ਅਮਰਦਾਸ ਦੇ ਪਿਤਾ ਜੀ-ਛਿਬਰ: **੨**/੧੭ (ਤੇਜੋ); **੩**/੨੪ (ਤੇਜੋ, ਬਾਬਾ ਤੇਜੋ). **ਮਪ-ਕ, ਭ/ਖ-੨/੧: ੯**/੧੦੬ (ਬਾਬੇ ਤੇਜੋ ਭੱਲੇ). **ਗਗ.੧: ਪੂ.੧੫**/੪੬੬.

ਤੇਜਾ ਸਿੰਘ

ਮਹਾਰਾਜ ਰਣਜੀਤ ਸਿੰਘ ਤੋਂ ਬਾਅਦ ਰਾਣੀ ਜਿੰਦ ਕੌਰ ਦੁਆਰਾ ਸਿੱਖ ਸੈਨਾ ਦਾ ਥਾਪਿਆ ਹੋਇਆ ਸਿਪਹਸਲਾਰ ਜਿਸ ਦੀ ਗੱਦਾਰੀ ਕਾਰਨ ਸਿੱਖ ਫੌਜਾਂ ਜਿੱਤ ਕੇ ਵੀ ਅੰਤ ਨੂੰ ਅੰਗਰੇਜ਼ਾਂ ਕੋਲੋ ਹਾਰ ਗਈਆਂ- **ਗਗ.੫: ਉ.੫੩**/੨੬੮੮-੮੧ (ਤੇਜਾ ਸਿੰਘ4, ਤੇਜਾ ਸਿੰਘ ਪਾਪੀ, ਤੇਜਾ ਸਿੰਘ ਅਤਤਾਈ); **ਉ.੫੫**/੨੭੨੯; **ਉ.੫੭**/੨੭੫੮-੫੯ (ਤੇਜਾ ਸਿੰਘ3, ਨਿਮਕ ਹਰਾਮੀ), ੨੭੭੭.

'ਤੈਮੂਰ ਸ਼ਾਹ/ਸ਼ਾਹਿ'

ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ, ਜੋ 1755 ਈ. ਨੂੰ ਲਾਹੌਰ ਦਾ ਸੂਬੇਦਾਰ ਬਣਿਆ[681]- **ਗੁ.ਬਿ.੬: ੭**/੧੯੦-੯੨ (ਤਿਮਾਰ13, ਤਿਮਰਲੰਙ). **ਕੁ.੧੦: ੨੦**/੨੫੬ (ਤਿਮਰਲੰਗ). **ਸੁ.੧੦: ੫**/੮੪ (ਤੁਮੂਰੰ); **੨੨**/੩੪੬ (ਮੀਰ ਤੈਮੂਰ). **ਮਪ-ਕ,ਭ-੧: ੪੮**/੩੬੯ (ਤੈਮੂਰ, ਤਿਮਰਲੰਗ, ਬਾਦਸ਼ਾਹ). **ਭੰਗੂ: ੧**/੩; **੧੦੪**/੨੬੯ (ਤਿਮਰਲੰਗੈ); **੧੧੫**/੩੦੩; **੧੨੧**/੩੨੪; **੧੨੪**/੩੨੭ (ਬੇਟਾ ਅਹਿਮਦ ਸ਼ਾਹ ਦਾ); **੧੪੪**/੩੭੪-੭੫ (ਲਹੌਰੀ ਸੂਬੇ, ਨਬਾਬ/ਨਿਬਾਬ6, ਸੂਬੇ); **੧੪੩**/੩੭੪; **੧੫੪**/੩੯੮. **ਗਗ.੧: ਪੂ.੪**/੩੪੧ (ਤਿਮ੍ਰਲੰਗ, ਅਮੀਰ ਤਹਿਮੂਰ). **ਗਗ.੫: ਉ.੩੮**/੨੩੫੭ (ਸ਼ਾਹਿ ਤੈਮੂਰ); **ਉ.੪੧**/੨੩੯੫ (ਤਹਿਮੂਰ; **ਉ.੫੦**/੨੫੪੬ (ਸ਼ਾਹ ਤਹਿਮੂਰ); **ਉ.੫੧**/੨੫੭੮-੯੪ (ਤਹਿਮੂਰ ਸ਼ਾਹਿ3, ਸ਼ਾਹਿ ਤਹਿਮੂਰ, ਸ਼ਾਹਿ2).

> ਤੈਮੂਰ ਸ਼ਾਹ ਸੰਬੰਧੀ ਕੁੱਲ 45 ਹਵਾਲਿਆਂ ਵਿਚ 11 ਹਵਾਲੇ ਕੇਵਲ ਭੰਗੂ ਕ੍ਰਿਤ ਵਿਚੋਂ ਪ੍ਰਾਪਤ ਹੁੰਦੇ ਹਨ। ਇਨ੍ਹਾਂ ਦੇ ਤਿੰਨ ਰੂਪ ਤੈਮੂਰ, ਤਹਿਮੂਰ ਅਤੇ ਤਿਮਰਲੰਗ ਆਦਿ ਮੁੱਖ ਰੂਪ ਵਿਚ ਹਨ। ਬਾਕੀ 34 ਹਵਾਲੇ ਗੁ.ਬਿ.੬, ਸੁ.੧੦, ਕੁ.੧੦ ਅਤੇ ਗਿਆਨ ਸਿੰਘ ਕ੍ਰਿਤ ਵਿਚੋਂ ਪ੍ਰਾਪਤ ਹੋਏ ਹਨ।"

'ਤੋਗਾ ਸਿੰਘ`

ਕਲਸੀਆਂ ਮਿਸਲ ਦੇ ਗੁਰਬਖਸ਼ ਸਿੰਘ ਦਾ ਸੰਗੀ ਕੋਈ ਸਿੱਖ ਯੋਧਾ- **ਗਗ.੫: ਉ.੫੬**/੨੭੩੨ (ਹਰਿ ਤੋਗਾ).

ਤੋਤਾ ਸਿੰਘ

ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸਿੱਖ ਅਤੇ ਗੁ. ਹਰਿਗੋਬਿੰਦ ਸਾਹਿਬ ਦੀ ਸੈਨਾ ਦਾ ਪ੍ਰਧਾਨ ਬੋਧਾ, ਜੋ ਅੰਮ੍ਰਿਤਸਰ ਦੀ ਜੰਗ ਵਿਚ ਬੜੀ ਬਹਾਦਰੀ ਨਾਲ ਲੜਦਾ ਹੋਇਆ ਸ਼ਹੀਦ ਹੋਇਆ[682]- **ਗੁ.ਬਿ.੬: ੧੧**/੪੪੫ (ਭਾਈ ਤੋਤਾ). **ਗਗ.੧: ਪੂ.੨੪**/੫੫੬.

---

[681] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 3 (ਫੁਨੋ.)

[682] *ਮਹਾਨਕੋਸ਼,* ਪੰ. 603.

ਤੌਰੇਤ

ਯਹੂਦੀਆਂ ਦਾ ਧਰਮ ਗ੍ਰੰਥ, ਜੋ ਹਜ਼ਰਤ ਮੂਸਾ ਨੂੰ ਪ੍ਰਗਟ ਹੋਇਆ[683]- **ਗਗ.੧: ਪ੍ਰ.੩**/੩੩੯.

ਤ੍ਰਿਅ ਰਾਜ

ਉਹ ਸਥਾਨ ਜਿਥੇ ਔਰਤਾਂ ਦੀ ਸਰਦਾਰੀ ਹੋਵੇ- **ਵੇ.** 'ਕਓਰੂ ਦੇਸ'।

ਤ੍ਰਿਖਾਨ ਪੁਰ

ਇਸ ਅਸਥਾਨ ਬਾਰੇ ਜਿਆਦਾ ਪਤਾ ਨਹੀਂ ਲੱਗ ਸਕਿਆ। ਸਿਰਫ ਇਨ੍ਹਾਂ ਕੁ ਪਤਾ ਮਹਿਮਾ ਪ੍ਰਕਾਸ਼ ਵਾਰਤਕ ਤੋਂ ਲਗਦਾ ਹੈ ਕਿ ਗੰਗਾ ਸਾਹ ਗੁਰੂ ਅਮਰਦਾਸ ਜੀ ਤੋਂ ਮੰਜੀ ਦੀ ਬਖਸ਼ ਉਪਰੰਤ 'ਤਬ ਗੰਗੇ ਸਾਹ ਘਰ ਤ੍ਰਿਖਾਨ ਪੁਰ ਮੋ ਗਇਆ'- **ਮਪ.ਵ: ੩੮**/੮੩.

'ਤ੍ਰਿਪਤਾ ਮਾਤਾ'

ਗੁਰੂ ਨਾਨਕ ਦੇਵ ਦੇਵ ਜੀ ਦੀ ਮਾਤਾ ਦਾ ਨਾਂ- **ਪੁਰਾ:** ੬/੨੯, ੩੩ (ਮਾਤਾ5, ਸਸੁ2); **੩੧**/੧੯੬-੯੭ (ਤ੍ਰਿਪਤਾ, ਮਾਤਾ9). **ਬਾਲਾ: ੧**/੧੭੦ (ਬੀਬੀ); **੨**/੧੭੩ (ਬੀਬੀ, ਕਾਲੂ ਦੀ ਇਸਤ੍ਰੀ); **੬**/੧੮੭ (ਬੀਬੀ); **੮**/੧੯੨ (ਅੰਮਾ ਬੀਬੀ); **੯**/੧੯੭-੯੯ (ਬੀਬੀ ਅੰਮਾ, ਅੰਮਾ ਬੀ2, ਬੀਬੀ3, ਮਾਉ2); **੧੩**/੨੨੧-੨੪ (ਅਮਾ ਬੀਬੀ2) **੧੮**/੨੪੧-੪੩ (ਅਮਾ ਬੀਬੀ3, ਬੀਬੀ, ਮਾਉ); **੪੯**/੩੮੦ (ਅਮਾ ਬੀਬੀ); **੭੩**/੪੫੭ (ਬੀਬੀ). ਮਿਹ.**੧: ੪**/੧੨ (ਤਿਪਰਾ, ਮਾਤਾ3, ਮਾਤਾ ਤਿਪਰਾ); **੬**/੧੫ (ਮਾਤਾ); **੧੩**/੩੮-੪੦ (ਮਾਤਾ ਜੀ26, ਮਾਈ); **੧੩**/੪੦ (ਮਾਤਾ ਜੀ25, ਪਰਮੇਸਰ ਕੀ ਪਿਆਰੀ); **੧੭**/੫੩ (ਮਾਇ, ਮਾਤਾ); **੧੯**/੫੮-੬੦ (ਮਾਤਾ ਜੀ24); **੨0**/੬੧ (ਮਾਤਾ ਜੀ26); **੨੨**/੬੬ (ਮਾਤਾ ਜੀ5, ਦਾਦੀ ਤਿਪਰਾ4, ਮਾਤਾ ਤਿਪਰਾ, ਸਸੂ ਤਿਪਰਾ); **੨੩**/੭੧ (ਮਾਤਾ); **੨੪**/੭੨-੭੪ (ਮਾਤਾ ਜੀ6); **੧੪੧**/੪੭੧-੭੩ (ਮਾਤਾ ਜੀ23); **੧੪੩**/੪੭੬-੭੮ (ਮਾਤਾ ਜੀ21); **੧੪੩**/੪੭੯-੮੨ (ਮਾਤਾ ਜੀ3); **੧੪੫**/੪੮੨-੮੪ (ਮਾਤਾ ਜੀ19, ਮਾਤਾ ਤ੍ਰਿਪਤਾ). **ਹਰਿ.੨: ੧੯**/੧੬੪-੬੭ (ਮਾਤਾ29, ਮਾਉ, ਮਾਈ2); **੨੫**/੧੮੯-੯੨ (ਮਾਤਾ ਜੀ24); **੫੧**/੩੧੫-੧੯ (ਮਾਤਾ ਤਿਪਰਾ3, ਮਾਤਾ ਜੀ3, ਗੁ. ਬਾਬੇ ਕੀ ਮਾਤਾ); **੫੨**/੩੧੯-੨੪ (ਮਾਤਾ ਤਿਪਰਾ3, ਮਾਤਾ ਜੀ14, ਗੁ. ਬਾਬੇ ਜੀ ਕੀ ਮਾਤਾ ਜੀ); **੫੩**/੩੨੪

[683] ਉਹੀ, ਪੰ. 604.

(ਮਾਤਾ ਤਿਪਰਾ, ਮਾਤਾ ਜੀ10); **੫੪**/੩੨੬ (ਮਾਤਾ);**੫੫**/੩੨੯-੩੨ (ਗੁ. ਬਾਬੇ ਜੀ ਕੀ ਮਾਤਾ, ਮਾਤਾ/ਜੀ31); ਗਿਆ: ੨੩੪-੪੬ (ਮਾਤਾ ਤ੍ਰਿਪਤਾ12, ਮਾਤਾ11); ੨੯੮ (ਮਾਤਾ2), ੩੧੯ (ਮਾਤਾ), ੪੩੭ (ਮਾਤਾ), ੪੧੩-੧੬ (ਮਾਤਾ ਤ੍ਰਿਪਤਾ7), ੫੬੧-੬੨ (ਮਾਤਾ ਤ੍ਰਿਪਤਾ2), ੬੦੧ (ਮਾਤਾ ਤ੍ਰਿਪਤਾ), ੬੦੯ (ਮਾਤਾ2), ੬੨੪ (ਮਾਤਾ3). **ਗੁ.ਬਿ.੬: ੯**/੩੯੪ (ਮਾਤ); **੧੬**/੫੪੧-੪੮ (ਬਡੀ ਮਾਤ, ਦਾਦੀ10). ਛਿਬਰ: **੧**/੧੦ (ਮਾਤਾ ਬੀਬੀ2). **ਮਪ.ਵ: ੨**/੩੩ (ਮਾਤਾ ਤਿਪਤੋ); **੧੩**/੪੧-੪੨ (ਮਾਤਾ8); **੧੪**/੪੭, ਮਾਤਾ/ਜੀ14, ਬਡੀ ਮਾਤਾ ਜੀ).

ਮਪ-ਕ,ਭ-੧: ੧/੬੯ (ਸ੍ਰੀ ਮਾਤਾ ਦੇਵੀ ਤਿਪਰੋ); **੩**/੭੨ (ਮਾਤ, ਮਾਤਾ); **੧੩**/੧00-0੨ (ਮਾਤਾ/ਜੀ3); **੧੪**/੧੦੩-੦੫ (ਮਾਤ/ਮਾਤਾ3); **੧੫**/੧੦੬-੦੮ (ਮਾਤਾ ਜੀ); **੨੨**/੧੩੮-੪੦ (ਮਾਤਾ/ਜੀ8); **੨੩**/੧੪੩-੪੫ (ਮਾਤ, ਮਾਤਾ ਜੀ10); **੪੨**/੩੦੮ (ਮਾਤਾ); **੪੫**/੩੫੧ (ਮਾਤਾ); **੪੭**/੩੬੭ (ਮਾਤਾ ਜੀ), **੫੦**/੩੮੩ (ਮਾਤਾ ਜੀ); **੫੧**/੩੮੭-੮੮ (ਮਾਤਾ/ਜੀ5, ਜਗ ਮਾਤ). **ਭੰਗੂ:** ੪/੧੦ (ਤ੍ਰਿਪਤੋ). **ਗਗ.੧: ਪੂ.੫**/੩੫੬ (ਗੁਰ/ਗੁਰਿ ਜਨਨੀ2, ਜਨਨੀ, ਮਾਤ).

> "ਮਾਤਾ ਤ੍ਰਿਪਤਾ ਜੀ ਸੰਬੰਧੀ ਸਾਨੂੰ ਸਭ ਤੋਂ ਵੱਧ ਹਵਾਲੇ ਜਨਮਸਾਖੀ ਪਰੰਪਰਾ ਦੀ ਮਿਹਰਬਾਨਪਰੰਪਰਾ ਵਿਚੋਂ ਮਿਲਦੇ ਹਨ। ਵਿਚਾਰਾਧੀਨ ਗ੍ਰੰਥਾਂ ਵਿਚ 550 ਦੇ ਲਗਪਗ ਹਵਾਲੇ ਪ੍ਰਾਪਤ ਹਨ। ਮਾਤ ਅਤੇ ਮਾਤਾ/ਜੀ ਰੂਪ ਵਿਚ ਲਗਪਗ ਸਾਰੇ ਹੀ ਹਵਾਲੇ ਹਨ ਇਸ ਤੋਂ ਇਲਾਵਾ ਕਿਤੇ-ਕਿਤੇ ਤ੍ਰਿਪਤਾ ਮਾਤਾ, ਮਾਤਾ ਤਿਪਰਾ, ਤਿਪਰੋ, ਜਗ ਮਾਤ, ਬਡੀ ਮਾਤ, ਮਾਈ, ਮਾਉ, ਅੰਮਾ ਬੀਬੀ ਅਤੇ ਗੁਰ ਜਨਨੀ ਰੂਪਾਂ ਦੇ ਵੀ ਦਰਸ਼ਨ ਹੁੰਦੇ ਹਨ।"

ਤ੍ਰਿਬੇਣੀ

'ਪ੍ਰਯਾਗ' ਰਾਜ ਵਿਚ ਜਿੱਥੇ ਤਿੰਨ ਨਦੀਆਂ-ਗੰਗਾ ਜਮੁਨਾ, ਸੁਰਸਤੀ ਦਾ ਮਿਲਾਪ ਹੁੰਦਾ ਹੈ, ਉਸਨੂੰ ਤ੍ਰਿਬੇਣੀ ਕਹਿੰਦੇ ਹਨ[684]- ਮਿਹ.**੧: ੪੩**/੧੨੮. **ਹਰਿ.੨: ੩**/੬੩. **ਕ੍ਰ.੧੦: ੧**/੨੪. ਛਿਬਰ: **੧੦**/੭੭. **ਸੁ.10: ੨**/੧੮. **ਗਗ.੨: ਪੂ.੩੪**/੧੦੨੩ (ਤਿਬੈਨੀ2); **ਪੂ.੪੫**/੧੨੫੭ **ਗਗ.੩: ਪੂ.੫੯**/੧੫੩੭.

ਥੰਮ੍ਹ, ਗੁਰਦੁਆਰਾ

---

[684] ਉਹੀ, ਪੰ. 608.

ਕਰਤਾਰਪੁਰ (ਜਲੰਧਰ) ਵਿਖੇ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ- **ਗਗ.੫: ਉ.੩੭**/੨੩੪੩ (ਗੁਰਦ੍ਵਾਰ ਥੰਮ ਸਾਹਿਬ); **ਉ.੫੪**/੨੭੦੫ (ਗੁਰਦੁਆਰਾ).

ਥੇਦਰਵਾਦ

ਪਾਂਵਟਾ ਦੇ ਆਸ-ਪਾਸ ਕੋਈ ਨਗਰ- **ਸੁ.੧੦: ੬**/੯੮.

ਦਉਲਤ/ਦੌਲਤ ਖਾਨ/ਨਿ:

ਸੁਲਤਾਨਪੁਰ ਲੋਧੀ ਦਾ ਨਵਾਬ, ਇਹ 1504 ਈ. ਨੂੰ ਪੰਜਾਬ ਦਾ ਨਾਜ਼ਿਮ ਬਣਿਆ। ਇਸ ਦਾ ਦੇਹਾਂਤ 1526 ਈ. ਨੂੰ ਹੋਇਆ[685]-**ਪੁਰਾ: ੬**/੩੧; **੮**/੩੭ (ਨਬਾਬ, ਦਉਲਤ ਖਾਨ); **੯**/੩੮2 (ਖਾਨ|ਨ|ਨਿ4); **੧੦**/੩੯-੪੨ (ਖਾਨ/ਨੁ5); **੧੧**/੪੩-੪੯ (ਖਾਨ|ਨੁ|ਨਿ20). **ਬਾਲਾ: ੮**/੧੯੦-੯੫ (ਨਬਾਬ ਦਉਲਤ ਖਾਂ ਲੋਦੀ); **੯**/੨੦੨-੦੪2 (ਨਬਾਬ/ਬੁ31, ਨਬਾਬ ਦਉਲਤ ਖਾਂ2, ਦਉਲਤ ਖਾਂ ਲੋਦੀ, ਨਬਾਬ ਸਲਾਮਤ9); **੧੦**/੨੦੭ (ਨਬਾਬ); **੧੧**/੨੧੨-੧੩3 (ਦਉਲਤ ਖਾਂ ਲੋਦੀ, ਖਾਂ ਜੀ); **੧੨**/੨੧੪4 (ਨਬਾਬ30, ਨਬਾਬ ਦਉਲਤ ਖਾਂ2, ਖਾਂ/ਖਾਨ/ਨਿ7, ਦਉਲਤ ਖਾਂ ਪਠਾਨ, ਨਬਾਬ ਸਲਾਮਤਿ6); **੬੦**/੪੦੭-੧੦ (ਦਉਲਤਿ ਖਾਂ ਲੋਦੀ2, ਦਉਲਤ ਖਾਂ). ਮਿਹ.**੧:੨੪**/੭੨-੭੬3 (ਦਵਲਤ ਖਾਨ3, ਖਾਨ5); **੨੫**/੭੭-੭੯ (ਦਵਲਤ ਖਾਨ2) **੨੬**/੮੦ (ਦਵਲਤ ਖਾਨਿ ਲੋਦੀ); **੧੭**/੮੩; **੨੮**/੮੬-੯ (ਦਵਲਤ ਖਾਨ10, ਖਾਨ13); **੨੯**/੯)-੯੨ (ਦਵਲਤ ਖਾਨ7, ਖਾਨ7); **੩੦**/੯੩ (ਦਵਲਤ ਖਾਨਿ8, ਖਾਨਿ9); **੩੧**/੯੮-੯੯ (ਖਾਨਿ ਜੀ14); **੩੨**/੧੦੨ (ਖਾਨੁ/ਨਿ3, ਦਵਲਤ ਖਾਨੁ, ਦਉਲਤ ਖਾਨਿ); **੯੬**/੩੧੫ (ਦਵਲਤ ਖਾਨ); **੧੧੩**/੩੭੪ (ਦਵਲਤ ਖਾਨ ਲੋਦੀ7, ਖਾਨ15); **੧੧੪**/੩੭੭-੮੧ (ਦਵਲਤ ਖਾਨਿ3, ਖਾਨ5); **੧੧੬**/੩੮੩ (ਦਵਲਤ ਖਾਨ); **੧੧੭**/੩੮੪-੯੧ (ਦਵਲਤ ਖਾਨ). **ਹਰਿ.੨: ੩੮**/੨੩੫੫. ਗਿਆ: ੩੦੨੨ (ਦੌਲਤ, ਖਾਨ3), ੩੧੧-੧੪ (12). **ਮਪ.ਵ: ੧੩**/੩੯-੪੪ (ਖਾਨ7 ਨਵਾਬ9) **ਮਪ-ਕ,ਭ.੧: ੧੫**/੧੦੬-੦੮4 (ਖਾਨ8); **੧੬**/੧੦੯-੧੫3 (ਖਾਂ/ਖਾਨ21); **੨੨**/੧੩੮. **ਭੰਗੂ: ੪**/੧੩5 (ਖਾਨ3, ਦੌਲਤ4, ਨਬਾਬ, ਮੁਲਕ ਉਮਰਾਉ);

---

[685] ਗੁਰਮੇਲ ਸਿੰਘ (ਸੰਪਾ.) ਪੂਰਵ ਅੰਕਿਤ, ਪੰ. 129.

੧੦੩/੨੫੯-੬੩11 (ਲੋਦੀ ਦੌਲਤ ਖਾਂ ਪਠਾਣ, ਪਿਆਰੇ); **੧੦੪**/੨੬੩-੭014. **ਗਗ.੧: ਪੂ.੫**/੩੫੬-੬12 (ਨਬਾਬ/ਨੁਵਾਬ5, ਸੂਬਾ, ਲੋਦੀ ਦੌਲਤ ਖਾਨ, ਖਾਨ, ਲੋਦੀ4). **ਗਗ.੩: ਪੂ.੫੧**/੧੩੫੯ (ਲੋਦੀ).

> "ਨਵਾਬ ਦਉਲਤ ਖਾਂ ਲੋਦੀ ਸੰਬੰਧੀ ਸਾਨੂੰ ਲੱਗ ਪਗ 200 ਹਵਾਲੇ ਜਨਮਸਾਖੀ ਪਰੰਪਰਾ, ਮਪ (ਵਾਰਤਕ ਤੇ ਕਵਿਤਾ) ਅਤੇ ਭੰਗੂ ਕ੍ਰਿਤ ਵਿਚੋਂ ਦਉਲਤ ਖਾਂ, ਦੌਲਤ ਖਾਂ, ਦੌਲਤ ਖਾਂ ਲੋਦੀ, ਖਾਨ ਅਤੇ ਸੂਬਾ ਰੂਪਾਂ ਵਿਚ ਸਾਡੇ ਸਨਮੁਖ ਹਨ।"

'ਦਉਲਤਾਂ'

ਗੁਰੂ ਨਾਨਕ ਦੇਵ ਸਾਹਿਬ ਦੇ ਅਵਤਾਰ ਸਮੇਂ ਦਾਈ ਵਜੋਂ ਸੇਵਾ ਕਰਨ ਵਾਲੀ ਔਰਤ[686]- **ਬਾਲਾ: ੨**/੧੭੩ (ਦਉਲਤ ਦਾਈ, ਦਾਈ4).

ਦਊਦ ਜੁਲਾਹਾ

ਗੁਰੂ ਨਾਨਕ ਦੇਵ ਸਾਹਿਬ ਦਾ ਇਕ ਸ਼ਰਧਾਲੂ ਸੱਜਣ। ਗੁਰੂ ਨਾਨਕ ਦੇਵ ਦੇਵ ਜੀ ਜਦੋਂ ਮੱਕੇ ਤੋਂ ਵਾਪਿਸ ਆਉਂਦੇ ਸਮੇਂ 'ਸ਼ਿਕਾਰਪੁਰ' ਠਹਿਰੇ ਸਨ, ਤਾਂ ਇਸ ਵਿਅਕਤੀ ਨੇ ਗੁ. ਸਾਹਿਬ ਨੂੰ ਹੱਥੀਂ ਬੁਣਿਆ ਗਲੀਚਾ ਸਰਧਾ ਸਹਿਤ ਭੇਂਟ ਕੀਤਾ ਅਤੇ ਆਪਣੇ ਮਨ ਦੀ ਖਾਹਿਸ਼ (ਔਲਾਦ ਪ੍ਰਾਪਤੀ ਦੀ) ਗੁ. ਸਾਹਿਬ ਨੂੰ ਦੱਸੀ[687]- ਗਿਆ**:** ੫੬੯.

ਦਇਆ/ਦਯਾ ਸਿੰਘ

ਲਾਹੌਰ ਨਿਵਾਸੀ ਦਯਾ ਰਾਮ ਸੋਢੀ ਖੱਤ੍ਰੀ। 1699 ਈ. ਦੀ ਵਿਸਾਖੀ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਭੇਟ ਕਰਨ ਵਾਲੇ ਪੰਜ ਪਿਆਰਿਆਂ ਵਿਚੋਂ ਇਹ ਪਹਿਲਾ ਸਿੱਖ ਸੀ[688]- **ਗੁ.ਸੋ: ੧੩**/੮੭-੯23 (ਸਿੰਘ10); **੧੪**/੯੫-੯73. **ਗੁ.ਬਿ.੬: ੧**/੬; **੫**/੧੪੪2; **੬**/੧੬੧; **੭**/੧੮੭; **੮/**੨੪੨, ੨੫੧, ੨੭੭, ੨੯੧, ੩੦੭; **੯**/੩੧੨; **੨੧**/੭੫22, ੭੯੮-੯੯2. **ਕੁ.੧੦: ੯**/੧੨੯-੩੪੪, (ਦਯਾਲਾ, ਦਾਸ ਕ੍ਰਿਪਾਲਾ); **੧੬**/੧੯੨, ੯੫; **੧੭**/੨੨੧-੨੪6; **੧੮**/੨੩੮; **੨੦**/੨੭੩. **ਸੂ.੧੦: ੬**/੯੯ (ਦਯਾਰਾਮ); **੧੨**/੧੭੪ (ਦਯਾਲਾ, ਦਯਾ ਸਿੰਘ, ਦਾਸ ਕ੍ਰਿਪਾਲਾ); **੧੫**/੨੨੩; **੨੨**/੩੪੭-੫੦7 (ਸਿੰਘ ਦਿਦਾਰ,

---

[686] ਉਹੀ।

[687] ਉਹੀ।

[688] ਡਾ. ਬਲਵੰਤ ਸਿੰਘ ਢਿਲੋਂ (ਸੰਪਾ.), *ਪੂਰਵ ਅੰਕਿਤ,* ਪੰ. 34 (ਫੁਨੋ.)

ਦਯਾ। ਪੁਨ। ਸਿੰਘ, ਦਯਾ।ਤਿਨਕੇ। ਸਿੰਘ); **੨੪**/੩੭੫ (ਦਯਾ ਸਿੰਘ, ਦਯਾ ਧਰਜ). **ਛਿਬਰ: ੧੦**/੧੧੪-੧੬2 (ਸੋਭਤੀ ਮੁਨਸ਼ੀ). **ਮਪ.ਵ: ੧੬੯**/੨੧੩ (ਦਇਆ ਸਿੰਘ ਸੋਪਤੀ). **ਮਪ-ਕ, ਭ/ਖ-ਕ/੧: ੧੯**/੮੦310. **ਭੰਗੂ: ੧੬**/੩੪; **੨੧.੨**/੫੯; **੧੩੬**/੩੫੬. **ਗਗ.੨: ਪੂ.੪੬**/੧੨੯੧ (ਦਯਾ ਰਾਮ). **ਗਗ.੩: ਪੂ.੬੧**/੧੫੭੩; **ਪੂ.੬੫**/੧੬੪੩; **ਪੂ.੬੭**/੧੬੬੧; **ਪੂ.੬੯**/੧੬੮੬; **ਪੂ.੭੧**/੧੭੨੦-੨੬5. **ਗਗ.੪: ਉ.੩੫**/੧੯੪੯ (ਦਯਾ ਰਾਮ). **ਗਗ.੫: ਉ.੫੮**/੨੭੯੪; **ਉ.੬੦**/੨੮੯੧.

> "ਪਿਆਰੇ ਦਇਆ ਸਿੰਘ ਜੀ ਸੰਬੰਧੀ 95 ਦੇ ਕਰੀਬ ਹਵਾਲੇ ਸਾਨੂੰ ਗੁ.ਬਿ.੬, ਕੁ.10, ਸੁ.10, ਛਿਬਰ, ਮਪ (ਵਾਰਤਕ ਤੇ ਕਵਿਤਾ) ਭੰਗੂ ਅਤੇ ਗਿਆਨ ਸਿੰਘ ਕ੍ਰਿਤਾਂ ਵਿਚੋਂ ਦਇਆ ਸਿੰਘ, ਦਯਾ ਸਿੰਘ, ਦਯਾ ਰਾਮ ਅਤੇ ਦਾਸ ਕ੍ਰਿਪਾਲਾ ਆਦਿ ਰੂਪਾਂ ਵਿਚ ਪ੍ਰਾਪਤ ਹਨ।"

ਦਇਆ ਸਿੰਘ ਸੰਘਰ

ਰਾਮਦਾਸਪੁਰੇ ਦੇ ਪੈਂਚਾਂ ਵਿਚ ਸ਼ਾਮਿਲ ਪੈਂਚ- ਛਿਬਰ**: ੧੩**/੧੪੨.

ਦਇਆ/ਦਯਾ ਕੌਰ[1]

ਮਾਤਾ ਦਮੋਦਰੀ ਜੀ ਦੇ ਮਾਤਾ ਜੀ, ਗੁਰੂ ਹਰਗੋਬਿੰਦ ਦੀ ਸੱਸ - **ਗੁ.ਬਿ.੬: ੯**/੩੮੪2 (ਮਾਤ); **੧੯**/੬੪੯.

ਦਇਆ/ਦਯਾ ਕੌਰ[2]

ਗੁਰੂ ਰਾਮਦਾਸ ਦੇ ਮਾਤਾ ਜੀ- **ਮਪ.ਕ, ਭ/ਖ-੨/੧: ੮**/੩੦੬ (ਦਇਆ ਮਾਤ). **ਗਗ.੧: ਪੂ.੧੭**/੪੮੧.

ਦਸ ਗੁਰ ਗਾਥਾ

ਗੁਰੂ ਗੋਬਿੰਦ ਜੀ ਦੇ ਦਰਬਾਰੀ ਕਵੀ 'ਕੰਕਣ' ਦੀ ਇਕ ਰਚਨਾ 'ਦਸ ਗੁਰ ਕਥਾ'- **ਗਗ.੫: ਉ.੬੦**/੨੯੨੮.

ਦਸਤਗੀਰ, ਪੀਰ

ਬਗਦਾਦ ਸ਼ਹਿਰ ਦੀ ਫੇਰੀ ਸਮੇਂ ਗੁਰੂ ਨਾਨਕ ਦੇਵ ਜੀ ਨਾਲ ਗੋਸਟਿ ਕਰਨ ਵਾਲਾ ਪੀਰ- **ਗਿਆ:** ੫੩੬-੪੦2 (ਪੀਰ13, ਹਜਰਤ ਪੀਰ).

ਦਸਮ ਗ੍ਰੰਥ

ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜਾਣੀ ਜਾਂਦੀ ਇਕ ਵਡ-ਆਕਾਰੀ ਰਚਨਾ- **ਗਗ.੩: ਪੂ.੬੮**/੧੬੮੦-੮੨ (ਦਸਮ ਗੁਰੂ ਗ੍ਰੰਥ3, ਗ੍ਰੰਥ4, ਬੀੜ4, ਗੁਰ ਦਸਮ).

'ਦਸੂਹਾ'

ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ- **ਗਗ.੪: ਉ.੮**/੧੮੬੧.

ਦਸੌਂਧਾ, ਸਿੰਘ

ਕੋਟ ਬੁੱਢੇ ਦਾ ਨਿਵਾਸੀ, ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਤਿਆਰ ਹੋਏ ਪੰਜ ਜਥਿਆਂ ਵਿਚੋਂ ਚੌਥੇ ਜਥੇ ਦਾ ਆਗੂ- **ਭੰਗੂ ੮੪.੧**/੨੧੦ (ਗਿੱਲ ਜੱਟ). **ਗਗ.੪: ਉ.੨੭**/੨੧੫੬ (ਸਿੰਘ ਦਸੌਂਧੇ). **ਗਗ.੫: ਉ.੫੩**/੨੬੬੭; **ਉ.੫੪**/੨੭00-0੧੨ (ਤਾਰਾ-ਹਰਿ ਕਾ ਸੁਤ); **ਉ.੫੭**/੨੭੫੧, ੭੭.

ਦੱਖਣੀ

ਜ਼ਿਲ੍ਹਾ ਜਲੰਧਰ, ਤਹਿਸੀਲ ਨਕੋਦਰ ਦਾ ਪਿੰਡ- 'ਨਵਾਂ ਪਿੰਡ ਦੱਖਣੀ'- **ਗਗ.੪: ਉ.੩੧**/੨੨੧੪.

ਦੱਖਣੀ, ਓਅੰਕਾਰ

ਗੁਰੂ ਗ੍ਰੰਥ ਸਾਹਿਬ ਵਿਚ (ਅੰਗ-929-38) ਦਰਜ ਗੁਰੂ ਨਾਨਕ ਦੇਵ ਦੇਵ ਜੀ ਦੀ ਬਾਣੀ- **ਪੁਰਾ: ੧੭**/੬੩.

ਦੱਤ ਨੰਦ

ਪਟਨੇ ਵਿਖੇ 'ਸ਼ਿਵ ਦੱਤ' ਨਾਂ ਦਾ ਪੰਡਿਤ ਜੋ ਰਾਮਚੰਦਰ ਜੀ ਦਾ ਭਗਤ ਸੀ, ਗੁ. ਸਾਹਿਬ ਦੇ ਦਰਸ਼ਨ ਕਰਨ ਉਪਰੰਤ ਇਹ ਗੁ. ਜੀ ਦੇ ਸਰਧਾਲੂ ਹੋ ਗਿਆ- **ਕੁ.੧0: ੭**/੧੦੪-੦੯ (ਦੱਤ ਨੰਦ, ਪੰਡਿਤ2, ਬਿਪ੍ਰ5 ਦਿਜਬਰ, ਬਿਧ ਪੰਡਿਤ, ਸੁਖਕਾਰੀ); **੮**/੧੧੧-੧੨ (ਪੰਡਿਤ, ਬਿਧ, ਬਿਪ੍ਰ, ਦਿਜ). **ਗਗ.੧: ਪੂ.੧0**/੪੨੩ (ਦੱਤ2, ਦੱਤ ਦਿਜਵਰ).

'ਦਬਿਸਤਾਨੇ ਮਜਹਬ'

ਉਹ ਰਚਨਾ ਜਿਸ ਤੋਂ ਅਨੇਕ ਧਰਮਾਂ ਦੇ ਨਿਯਮ ਮਾਲੂਮ ਹੋਣ। ਸੇਖ ਮਹੀਬੁੱਲਾ ਦਾ ਚੇਲੇ ਮੁਹੰਮਦ ਮੁਹਸਿਨ ਫਾਨੀ, ਗੁਰੂ ਹਰਿਗੋਬਿੰਦ ਸਾਹਿਬ ਦੇ ਹਜੂਰ ਬਹੁਤ ਵਾਰ ਹਾਜ਼ਿਰ ਹੋਇਆ ਸੀ। ਇਸ ਨੇ 1645 ਈ. ਦੇ ਕਰੀਬ 'ਦਬਿਸਤਾਨੇ ਮਜ਼ਾਹਬ' ਦੀ ਰਚਨਾ ਕੀਤੀ ਸੀ[689]- **ਗਗ.੧: ਪੂ.੨੬**/੫੯੭ (ਦਬਿੱਸਤਾਨ ਕਿਤਾਬ); **ਪੂ.੨੭**/੬੦੮ (ਦੁਬਿਸਤਾਨ).

---

[689] *ਮਹਾਨਕੋਸ਼,* ਪੰ. 620.

‘ਦਮਦਮਾ ਸਾਹਿਬ[1]’

ਖਾਲਸਾ ਪੰਥ ਦਾ ਚੌਥਾ ਤਖ਼ਤ, ਜੋ ਬਠਿੰਡਾ ਜ਼ਿਲ੍ਹਾ ਦੇ ਤਲਵੰਡੀ ਸਾਬੋ ਨਗਰ ਵਿਖੇ ਹੈ, ‘ਤਖਤ ਸ੍ਰੀ ਦਮਦਮਾ ਸਾਹਿਬ’ ਵਜੋਂ ਜਾਣਿਆ ਜਾਂਦਾ ਹੈ- **ਗੁ.ਬਿ.੬: ੮**/੨੩੮-੪੪3; **੨੧**/੭੫੨. **ਕੁ.੧0: ੧੮**/੨੨੯. **ਸੁ.੧0: ੧੯**/੨੮੪; **੨੩**/੩੫੯, ੩੭੦. **ਮਪ.ਵ: ੧੩੪**/੧੯੦; **੧੩੨**/੧੮੮-੮੯2. **ਮਪ-ਕ,ਭ/ਖ-੨/੨: ੪**/੬੩੮. **ਭੰਗੂ: ੨੪.੧**/੬੭; **੨੪.੨**/੬੭. **ਗਗ.੨: ਪੂ.੩੪**/੧੦੧੫-੧੬2; **ਪੂ.੩੮**/੧੦੮੫. **ਗਗ.੩: ਪੂ.੬੮**/੧੬੭੬-੮25; **ਪੂ.੬੯**/੧੬੮੪. **ਗਗ.੪: ਉ.੨੭**/੨੧੫੬; **ਉ.੨੯**/੨੧੭੫; **ਉ.੩੫**/੨੨੯੮. **ਗਗ.੫: ਉ.੫੩**/੨੬੭੦-੭੧੪; **ਉ.੫੮**/੨੮੧੯.

ਦਮਦਮਾ ਸਾਹਿਬ[2]

ਆਨੰਦਪੁਰ ਸ਼ਹਿਰ ਦੇ ਪੱਛਮ ਵਿਚ ਗੁਰ ਸਥਾਨ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਸਜਾਇਆ ਕਰਦੇ ਸਨ[690]- **ਕੁ.੧੦: ੪**/੬੪; **੧੦**/੧੫੨2; **੧੫੫. ਸੁ.੧੦: ੫**/੬੯, ੭੪; **੮**/੧੨੯; **੨੩**/੧੯੨; **੧੪**/੨੧੨; **੧੫**/੨੧੭, ੨੬; **੨੮**/੪੧੯. **ਭੰਗੂ: ੭੧**/੧੬੬; **੭੪**/੧੭੦; **੭੫**/੧੭੧.

ਦਮਦਮਾ ਸਾਹਿਬ[3]

ਬਠਿੰਡਾ ਜ਼ਿਲ੍ਹਾ ਦੇ ਪਿੰਡ ਮਹਿਰਾਜ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ- **ਗੁ.ਬਿ.੬: ੧੯**/੬੮੯2; **੨੦**/੬੯੧-੯੩੪. **ਗਗ.੧: ਪੂ.੨੫**/੫੮੧. **ਗਗ.੪: ਉ.੨੮**/੨੧੬੫.

ਦਮਦਮਾ ਸਾਹਿਬ[4]

ਬ੍ਰਹਮਪੁੱਤਰ ਨਦੀ ਕਿਨਾਰੇ (ਅਸਾਮ ’ਚ) 9ਵੇਂ ਪਾਤਸ਼ਾਹ ਨਾਲ ਸੰਬੰਧਿਤ ਅਸਥਾਨ-**ਮਪ-ਕ,ਭ/ਖ.੨/੨: ੧੬**/੬੯੩; **੧੭**/੭੦੪. **ਗਗ.੨: ਪੂ.੩੯**/੧੦੫੭.

ਦਮਦਮਾ ਸਾਹਿਬ5

ਬਿਆਸ ਨਦੀ ਕਿਨਾਰੇ ਜਿੱਥੇ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਇਆ ਕਰਦੇ ਸਨ- **ਗੁ.ਬਿ.੬: ੪**/੭੦; **੧੫**/੫੨੧.

ਦਮਦਮਾ ਸਾਹਿਬ[6]

---

[690] ਉਹੀ, ਪੰ. 166.

ਹਰਿਗੋਬਿੰਦਪੁਰੇ ਨਗਰ ਵਿਖੇ ਗੁਰੂ ਹਰਗੋਬਿੰਦ ਜੀ ਦਾ ਅਸਥਾਨ- **ਗੁ.ਬਿ.੬: ੧੪**/੫੦੯. **ਗਗ.੧: ਪੂ.੨੪**/੫੬੩.

ਦਮਦਮਾ ਸਾਹਿਬ[7]

'ਬੰਸਾਵਲੀਨਾਮਾ' ਦੀ ਅੰਦਰਲੀ ਗਵਾਹੀ ਅਨੁਸਾਰ, ਜਿਸ ਥਾਂ 'ਤੇ ਉਕਤ ਰਚਨਾ ਲਿਖੀ ਗਈ[691]- ਛਿਬਰ**: ੧੪**/੧੮੮.

ਦਮਦਮੀ ਬੀੜ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕਰਕੇ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਜੋ ਬੀੜ ਸੰਪੂਰਨ ਕਰਵਾਈ, ਉਹ ਦਮਦਮੀ ਬੀੜ ਦੇ ਨਾਂ ਨਾਲ ਪ੍ਰਸਿੱਧ ਹੈ[692]- **ਗੁ.ਬਿ.੬: ੮**/੨੪੫ (ਦਮਦਮੀ ਬੀੜ, ਗ੍ਰੰਥ).

ਦਮੋਦਰੀ ਮਾਤਾ

ਇਹ ਕਪਤਾਨ ਮਰੇ ਦਾ ਮੁਨਸ਼ੀ ਸੀ। ਇਸ ਨੇ ਰਤਨ ਸਿੰਘ ਭੰਗੂ ਤੋਂ ਪਹਿਲਾਂ ਅੰਗਰੇਜਾਂ ਨੂੰ ਸਿੱਖ ਪੰਥ ਦਾ ਹਾਲ ਲਿਖ ਕੇ ਦਿਤਾ ਸੀ[1029]-**ਭੰਗੂ: ੨**/੬2; **੧੨**/੨੩ (ਬੂਟੇ ਸ਼ਾਹਿ). **ਗਗ.੧ ਪੂ.੨**/੩੨੬-੨੭3.

ਬੂਰ ਮਾਜਰਾ

ਜ਼ਿਲ੍ਹਾ ਰੋਪੜ, ਤਹਿਸੀਲ ਚਮਕੌਰ ਸਾਹਿਬ ਦਾ ਪਿੰਡ, ਜੋ ਗੁਰੂ ਗੋਬਿੰਦ ਸਿੰਘ ਮਾਰਗ ਸੜਕ ਤੋਂ 1 ਅਤੇ ਰੇਲਵੇ ਸਟੇਸ਼ਨ ਮੋਰਿੰਡਾ ਤੋਂ 8 ਕਿ.ਮੀ. ਦੂਰ ਹੈ[1030]- **ਸੂ.੧੦: ੬**/੯੮,੧੧੬ (ਬੂਰ2); **੨੧**/੩੧੨,੩੨੮.

ਬੂਲਾ

ਧੀਰ ਜਾਤਿ ਦਾ ਗੁਰੂ ਅਰਜਨ ਦੇਵ ਜੀ ਦਾ ਸਿੱਖ ਜੋ, ਗੁਰੂ ਹਰਗੋਬਿੰਦ ਜੀ ਨਾਲ ਜੰਗਾਂ ਵਿਚ ਵੀ ਸੰਗੀ ਰਿਹਾਂ[1031]-**ਗਗ.੧: ਪੂ.੧੪**/੪੫੯; **ਪੂ.੨੧**/੫੨੩; **ਪੂ.੨੩**/੫੪੬.

ਬੂੜ ਸਿੰਘ ਸ. ਮੁਕੇਰੀ

ਮੁਕੇਰੀਆਂ ਦਾ ਸਰਦਾਰ, ਜਿਸ ਨੇ ਮਹਾਰਾਣੀ ਜਿੰਦਾ ਦੀ ਮ੍ਰਿਤਕ ਦੇਹ ਵਲਾਯਤ ਤੋਂ ਲਿਆ ਕੇ ਗੰਗਾ ਕਿਨਾਰੇ 'ਨਾਸਕ' ਨੇੜੇ ਸੰਸਕਾਰ ਕਰ ਕੇ ਸਮਾਧ ਬਣਵਾਈ ਸੀ[1032]-**ਗਗ.੫: ੳ.੫੩**/੨੬੯੫.

ਬੂੜੀਆ

ਅੰਬਾਲਾ ਜ਼ਿਲ੍ਹਾ ਦੀ ਜਗਾਧਰੀ ਤਹਿਸੀਲ ਦਾ ਨਗਰ, ਜੋ ਭੰਗੀ ਮਿਸਲ ਦੇ ਨਾਨੂੰ ਸਿੰਘ ਨੇ 1764 ਈ. ਨੂੰ ਬੂੜੀਆ ਫਤੇ ਕਰਕੇ ਰਾਜਧਾਨੀ ਬਣਾਇਆ-**ਭੰਗੂ: ੧੫੬**/੪੦੬. **ਗਗ.੨: ਪੂ.੪੫**/੧੨੫੯ (ਬੂੜੀਏ). **ਗਗ.੩: ਪੂ.੫੨**/੧੩੯੦-੯੧2. **ਗਗ.੫: ੳ.੫੬**/੨੭੩੫2.

ਬੇਗ ਖਾਂ

ਖਾਲਸਾ ਦਲ ਅਤੇ ਤੁਰਕਾਂ ਦੀ ਲੜਾਈ ਸਮੇਂ ਬੰਦਾ ਬਹਾਦਰ ਦੁਆਰਾ ਮਾਰਿਆ ਗਿਆ ਕੋਈ ਮੁਗ਼ਲ ਸੈਨਾਪਤੀ -**ਗਗ.੪: ੳ.੧੦**/੧੮੮੪.

ਬੇਗਮ ਸਮਰੂ

[1029] *ਮਹਾਨਕੋਸ਼,* ਪੰ.884

[1030] ਡਾ. ਕਿਰਪਾਲ ਸਿੰਘ, *ਪੂਰਵ ਅੰਕਿਤ,* ਪੰ. 351.

[1031] ਉਹੀ।

[1032] ਉਹੀ, ਪੰ. 885.

ਲੁਤਫ਼ ਅਲੀ ਖਾਂ ਦੀ ਧੀ ਜਿਸ ਦਾ ਅਸਲ ਨਾਂ ਜੇਬੁੱਨਿਸਾ ਸੀ। ਇਸ ਦੀ ਸ਼ਾਦੀ ਜਰਮਨੀ ਤੋਂ ਆਏ 'ਸਮਰੂ` ਨਾਂ ਦੇ ਫੌਜੀ ਅਫਸਰ ਨਾਲ ਹੋਣ ਕਰਕੇ ਇਸ ਦਾ ਇਹ ਨਾਂ ਪ੍ਰਚਲਿਤ ਹੋਇਆ[1033]-**ਭੰਗੂ: ੧੫੭**/੪੧੬ (ਬੇਗਮ ਸਿਮਰੂ, ਬੇਗਮ5).**ਗਗ.੧: ਪੂ.੨**/੩੧੮.

ਬੇਣੀ

ਬਾਣੀ ਕਰਤਾ ਭਗਤ ਜੀ, ਜਿਨ੍ਹਾਂ ਦੀ ਬਾਣੀ ਸ੍ਰੀ ਗੁ.ਗ੍ਰੰਥ ਸਾਹਿਬ ਵਿਚ ਦਰਜ ਹੈ-ਮਿਹ.**੧: ੨੪**/੭੩; **੪੭**/੧੩੮; **੫੯**/੧੮੯; **੭੬**/੨੫੨. **ਗੁ.ਬਿ.੬: ੪**/੯੬.

ਬੇਣੀ ਪੰਡਿਤ

ਪਿੰਡ ਚੂਹਣੀਆਂ (ਜ਼ਿਲ੍ਹਾ ਲਾਹੌਰ) ਦਾ ਵਸਨੀਕ ਇਕ ਪੰਡਿਤ ਜੋ ਦਿਗਵਿਜਯ ਕਰਦਾ ਫਿਰਦਾ ਸੀ। ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਕੇ ਵਿਦਿਆ ਅਭਿਮਾਨ ਛੱਡ ਕੇ ਗੁ. ਦਾ ਸਿੱਖ ਹੋਇਆ[1034]-**ਮਪ.ਵ: ੫੧**/੯੨-੯੩ (ਬੇਣੀ ਪੰਡਤ, ਪੰਡਤ2, ਪਰਮਹੰਸ). **ਮਪ-ਕ, ਭ/ਖ-੨/੧: ੨੨**/੨੪੫-੪੭3 (ਬੇਨੀ2, ਪੰਡਤ6, **੧੩**/੨੫੮ (ਬੇਨੀ ਸੰਤ).

ਬੇਦਾਂਤ

ਵੇਦਾਂ ਦਾ ਨਿਚੋੜ/ਸਿਧਾਂਤ-**ਗਗ.੨: ਪੂ.੪੨**/੧੧੯੬.

ਬੇਦੀ ਸਾਹਿਬ

ਊਨੇ ਰਹਿਣ ਵਾਲੇ ਗੁਰੂ ਨਾਨਕ ਦੇਵ ਦੀ ਅੰਸ਼ `ਚੋਂ ਬਾਬਾ ਸਾਹਿਬ ਸਿੰਘ ਬੇਦੀ -**ਗਗ.੫: ਉ.੫੭**/੨੭੪੮.

ਬੇਰ

ਭਦੌੜੀਆਂ ਦੇ ਕਬਜ਼ੇ ਅਧੀਨ ਕੋਈ ਪਿੰਡ-**ਗਗ.੫: ਉ.੫੬**/੨੭੪-੪੩3.

ਬੇਲ

ਰੋਪੜ ਜ਼ਿਲ੍ਹਾ ਤਹਿਸੀਲ ਚਮਕੌਰ ਸਾਹਿਬ ਦਾ ਪਿੰਡ[1035]-**ਗਗ.੫: ਉ.੫੪**/੨੭੦੪.

[1033] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 416 (ਫੁਨੋ.)।

[1034] *ਮਹਾਨਕੋਸ਼,* ਪੰ. 886.

[1035] ਡਾ. ਕਿਰਪਾਲ ਸਿੰਘ, ਪੂਰਵ ਅੰਕਿਤ, ਪੰ. 354.

ਬੇਲਾ ਸਿੰਘ

ਖਾਲਸਾ ਦਲ ਦੇ ਕਿਸੇ ਜਥੇ ਦਾ ਸਿਪਾਹੀ-**ਗਗ.੪: ਉ.੨੦**/੨੦੨੨-੨੩; **ਉ.੨੪**/੨੦੯੦.

ਬੈਹਲ ਮੱਲ

ਲਖਪਤ ਰਾਏ ਨੂੰ ਸਮਝਾਉਣ ਗਏ ਹਿੰਦੂ ਵੀਰਾਂ ਦੇ ਜਥੇ ਦਾ ਵਿਅਕਤੀ-**ਗਗ.੪: ਉ.੩੫**/੨੨੭੫.

ਬੈਕੁੰਠਪੁਰ

ਬਿਹਾਰ ਰਾਜ ਦਾ ਕੋਈ ਨਗਰ-**ਮਪ.ਕ, ਭ/ਖ-੨**/੨: **੧੧**/੬੭੯

ਬੈਰਮ ਖਾਂ /ਖਾਨ

ਹਰਿਗੋਬਿੰਦ ਪੁਰੇ ਦੇ ਜੰਗ ਵਿਚ ਲੜਨ ਆਇਆ ਕੋਈ ਮੁਗਲ ਸਰਦਾਰ, ਜੋ ਭਾਈ ਮਥੁਰਾ ਜੀ ਦੇ ਹੱਥੋਂ ਮਰਿਆ[1036]-**ਗ.ਬਿ.੬: ੧੪**/੪੯੬-੯੮੩. **ਭੰਗੂ: ੧੦੩**/੨੬੦2 (ਸ਼ਾਹ ਬੈਰਮ, ਪਾਤਸ਼ਾਹ, ਬ੍ਰਹਮ ਖਾਂ, ਪਠਾਣ, ਆਦਮ ਖਾਣਾ). **ਗਗ.੧: ਪੂ.੨੪**/੫੫੯-੬੧੫

ਬੈਦਰਭ

ਨਾਗਪੁਰ ਦੇ ਨੇੜੇ ਦਾ ਇਲਾਕਾ-**ਕੁ.੧੦: ੨੦**/੨੫੯.

ਬੈਰਾਖੜੀ

ਬਾਰਾਂ ਅਖਰੀ, ਮਾਤਰਾਂ ਰੂਪ ਬਾਰਾਂ ਸਵਰਾਂ ਨਾਲ ਵਿਅੰਜਨ ਅਖਰ ਲਗਣ ਤੋਂ ਬਣੀ ਹੋਈ ਬਾਰ੍ਹਾਂ ਅਖਰਾਂ ਦੀ ਇਹ ਪੰਕਤੀ[1037]'ਅ ਆ ਇ ਈ ਉ ਊ ਏ ਐ ਊ ਔ ਅੰ ਅ` ' - ਗਿਆ: ੨੪੪,੪੬. **ਮਪ.ਵ: ੫**/੩੫.

ਬੈਰਾੜੀ

ਇਹ ਮਾਰੂ ਠਾਟ ਦੀ ਸੰਪੂਰਣ ਰਾਗਿਨੀ ਹੈ।ਇਸ ਨੂੰ ਦਿਨ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਦਾ 13ਵਾਂ ਸਥਾਨ ਹੈ[1038]-**ਗੁ.ਬਿ.੬: ੪**/੧੦੯. **ਗਗ.੩: ਪੂ.੬੨**/੧੫੯੧ (ਬਿਰਾਰੀ)

ਬੋਹਾ

1036 *ਮਹਾਨਕੋਸ਼,* ਪੰ. 890.

1037 ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 178.

1038 *ਮਹਾਨਕੋਸ਼,* ਪੰ. 891.

ਜ਼ਿਲ੍ਹਾ ਮਾਨਸਾ, ਤਹਿਸੀਲ ਬੁਢਲਾਡਾ ਦਾ ਨਗਰ, ਜੋ ਰਤੀਆ ਸੜਕ `ਤੇ ਬੁਢਲਾਡਾ ਤੋਂ 11 ਕਿ.ਮੀ. ਦੂਰੀ `ਤੇ ਸਥਿੱਤ ਹੈ[1039]-**ਗਗ.੫: ਉ.੫੪**/੨੭੦੯ (ਬੋਹਿਆ).

ਬੋਤਾ ਸਿੰਘ

ਸੰਧੂ ਜੱਟ ਭੜਾਣੇ ਪਿੰਡ ਦਾ ਵਸਨੀਕ ਸੀ। ਇਹ ਅਤੇ ਗਰਜਾ ਸਿੰਘ ਮਜ਼ਹਬੀ, ਨੂਰਦੀਨ ਦੀ ਸਰਾਂ ਨੇੜੇ ਦਿੱਲੀਦੀ ਸੜਕ ਤੇ ਜ਼ਕਰੀਆ ਖਾਂ ਦੀਆਂ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ[1040]-**ਭੰਗੂ: ੯੩**/੨੩੪-੩੭6 (ਸਿੰਘ5). **ਗਗ.੪: ਉ.੩੨**/੨੨੨੫-੨੯7 (ਸਿੰਘ3).

ਬਿੰਦ੍ਰਾਬਨ/ਬ੍ਰਿੰਦਾਬਨ

ਇਕ ਬਨ ਜੋ ਜਮੁਨਾ ਕਿਨਾਰੇ ਮਥੁਰਾ ਵਿਖੇ ਹੈ-ਗਿਆ**:** ੨੯੭. ਮਿਹ.**੧: ੧੩੬**/੪੫੬. **੭**/੧੦੩; **੨੦**/੨੫੬2. ਛਿਬਰ**: ੧੩**/੧੪੨. **ਭੰਗੂ:੧੫੩**/੩੯੫. **ਗਗ.੨: ਪੂ.੩੨**/੯੪੧. **ਗਗ.੩: ਪੂ.੫੨**/੧੩੮੮. **ਗਗ.੫: ਉ.੫੫**/੨੭੨੦.

ਬ੍ਰਹਮ/ਬ੍ਰਿਹਮ ਸੇਖ਼

ਬਾਬਾ ਫਰੀਦ ਜੀ ਦੀ ਗੱਦੀ ਦੇ 11ਵੇਂ ਵਾਰਿਸ 'ਸ਼ੇਖ ਇਬਰਾਹਿਮ`[1041] **ਪੁਰਾ:-੩੨**/੧੦੯-੧26 (ਪੀਰ/ਰੁ22, ਸੇਖ/ਖੁ2). **ਬਾਲਾ: ੭੦**/੪੩੬-੩੭ (ਸੇਖ ਬਿਰਾਹਮ, ਭਲਾ ਫਕੀਰ, ਖੁਦਾਇ ਦਾ ਪਿਆਰਾ). **੭੧**/੪੩੭-੪੮2 (ਸੇਖ ਬਿਰਾਹਮ13, ਪੀਰ22, ਖੁਦਾਇ ਦੇ ਪਿਆਰੇ, ਸੇਖ/ਜੀ32, ਬਿਰਾਹਮ ਬਾਲਾ ਰਾਜਾ2); **੭੨**/੪੪੮ (ਸੇਖ ਬਿਰਾਹਮ3, ਸੇਖ/ਜੀ5). ਮਿਹ.**੧: ੧੪੭**/੪੮੮-੯੫ (ਬਿਰਾਹਮ ਸੇਖ ਬਾਲਾ ਰਾਜਾ14, ਪੀਰ16, ਸੇਖ/ਜੀ25, ਗਰੀਬ ਨਿਵਾਜ); **੧੪੮**/੪੯੬-੦੫6 (ਸੇਖ ਜੀ10); **੧੪੯**/੫੦੬-੦੮5 (ਸੇਖ ਜੀ18); **੧੫੦**/੫੦੮. ਗਿਆ**:** ੨੫੫-੮੦20 (ਪੀਰ10, ਸੇਖ16,); ੬੦੪3. **ਮਪ:ਕ, ਭ.੧: ੨੪**/੧੪੭ (ਸ਼ੇਖ ਇਬਰਾਹਿਮ5, ਪੀਰ ਜੀ13, ਸੇਖ ਜੀ19).

ਬ੍ਰਹਮ/ਬ੍ਰਿਹਮ ਖਾਂ ਲੋਦੀ

[1039] ਡਾ. ਕਿਰਪਾਲ ਸਿੰਘ, ਪੂਰਵ ਅੰਕਿਤ, ਪੰ. 448.

[1040] *ਮਹਾਨਕੋਸ਼,* ਪੰ. 892

[1041] ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 179.

ਲੋਦੀ ਵੰਸ਼ ਦਾ ਤੀਜਾ ਸ਼ਾਸ਼ਕ 'ਇਬਰਾਹੀਮ ਖਾਂ ਲੋਧੀ-**ਬਾਲਾ: ੬੦**/੪੦੭-੧੦7 (ਪਾਤਸਾਹੁ ਦਿੱਲੀ , ਪਤਿਸਾਹ, ਹਜਰਤ); **ਭੰਗੂ: ੧੦**/੨੧ (ਦਿੱਲੀਪਤਸ਼ਾਹਿ, ਲੋਦੀ ਬ੍ਰਹਮ ਖਾਂ) .

ਬ੍ਰਹਮਣੇਟਾ

ਖੋਖੋਵਾਲ ਨਗਰ ਵਿਚ ਗੁਰੂ ਨਾਨਕ ਦੇਵ ਜੀ ਦੇ ਮਗਰ ਜਾਣ ਵਾਲਾ ਬ੍ਰਹਮਣ ਦਾ ਪੁਤਰ-ਮਿਹ.**੧: ੧੫੨**/੫੧੨-੧੫8 (ਬਾਲਕ2).

ਬ੍ਰਹਮਦਾਸ

ਸੰਗਤ ਸਾਹਿਬੀਏ ਫਿਰਕੇ ਦਾ ਕੋਈ ਸਾਧੂ ਜਿਸ ਦੀ ਸੰਗਤ ਗੁਲਾਬ ਦਾਸ ਨੇ ਕੀਤੀ-**ਗਗ.੫: ਉ.੫੯**/੨੮੫੪.

ਬ੍ਰਹਮਪੁਤਰ

ਇਕ ਦਰਿਆ ਜੋ ਤਿੱਬਤ ਤੋਂ ਨਿਕਲਕੇ ਬੰਗਾਲ ਅਤੇ ਆਸਾਮ 1800 ਮੀਲ ਵਹਿੰਦਾ ਹੋਇਆ ਸਮੁੰਦਰ ਵਿਚ ਜਾ ਮਿਲਦਾ ਹੈ[1042]-**ਮਪ-ਕ,ਭ/ਖ-੨/੨: ੭**/੬੫੫; **੧੬**/੬੯32; **੧੭**/੭੦੨-੦੪. **ਸੁ.੧੦: ੨**/੨੭;

ਬ੍ਰਹਮਬੇਗ

ਦਿੱਲੀ ਤਖ਼ਤ ਦੇ ਸੁਲਤਾਨ (1489-1517ਈ.) ਸਿਕੰਦਰ ਖਾਂ ਲੋਧੀ ਦਾ ਬੇਟਾ ਬਿਰਾਹਮ (ਇਬਰਾਹੀਮ) ਖਾਂ ਲੋਧੀ-**ਪੁਰਾ: ੧੫**/੫੭-੫੮ (ਸੁਲਤਾਨ ਬ੍ਰਹਮ ਬੇਗ2, ਪਾਤਿਸਾਹਿ ਪਾਤਿਸਾਹੁ2, ਹਜਰਮਿ). **ਬਾਲਾ: ੧੪**/੨੦੮2,੨੧੨. **ਗਗ.੨: ਪੂ.੩੬**/੧੦੫੧,੫੯.

ਬ੍ਰਾਹਮਣ

ਸੈਦਪੁਰ ਤੇ ਹਮਲੇ ਸਮੇਂ ਗੁਰੂ ਨਾਨਕ ਦੇਵ ਦੇਵ ਜੀ ਦਾ ਵਚਨ ਮੰਨ ਕੇ ਜੋ ਸ਼ਹਿਰ ਛੱਡ ਕੇ ਚਲਾ ਗਿਆ ਸੀ- ਮਿਹ.**੧:੧੩੯**/੪੬੫5.

ਬ੍ਰਿਜ[1]

ਬ੍ਰਜ ਭਾਸ਼ਾ -**ਗਗ.੨: ਪੂ.੩੭**/੧੦੭੯. **ਗਗ.੩: ਪੂ.੬੦**/੧੫੫0.

[1042] *ਮਹਾਨਕੋਸ਼,* ਪੰ. 897.

ਬ੍ਰਿਜ[2]

ਮਥੁਰਾ (ਯੂ.ਪੀ) ਦੇ ਪਾਸ ਦਾ ਕੋਈ ਦੇਸ਼[1043]-ਗਿਆ:੩੬੯-੭੩5. **ਗਗ.੧: ਪੂ.੮/**੩੯੬.**ਗਗ.੩: ਪੂ.੬੯/**੧੬੮੮.

ਬ੍ਰਿਜਨਾਥ ਪੰਡਿਤ

ਬਾਲਾ ਗੁਰੂ ਨਾਨਕ ਦੇਵ ਜੀ ਨੂੰ ਸੰਸਕ੍ਰਿਤ ਪੜਾਉਣ ਵਾਲਾ ਅਧਿਆਪਕ[1044]-**ਗਿਆ:** ੨੪੪-੯੦3 (ਪੰਡਤ/ਤਿ7).

ਭਸਮਾ, ਸਿੱਖ

ਗੁਰੂ ਨਾਨਕ ਦੇਵ ਦੇਵ ਜੀ ਦਾ ਸਿੱਖ, ਜੋ ਮਖਦੂਮ ਬਹਾਵਦੀ ਦੁਆਰਾ ਭੇਜੇ ਆਦਮੀ ਨੂੰ ਗੁ. ਜੀ ਕੋਲ ਬੁਲਾ ਕੇ ਲਿਆਇਆ- **ਪੁਰਾ: ੫੫/**੨੦੦.

ਭਸੀਨ

ਪਾਕਿਸਤਾਨ ਵਿਚ, ਸ਼ਾਇਦ ਲਾਹੌਰ ਜ਼ਿਲ੍ਹੇ ਦਾ ਕੋਈ ਨਗਰ/ਸ਼ਹਿਰ-**ਗਗ.੫: ਉ.੫੭**/੨੭੪੬.

ਭੱਖਰ

ਸਿੰਧ ਦਰਿਆ ਦੀਆਂ ਦੋ ਸ਼ਾਖਾਵਾਂ ਵਿਚੋਂ ਨਿਕਲਿਆ ਟਾਪੂ। ਇਹ ਸਿੰਧ ਪ੍ਰਾਂਤ ਦੇ (ਪਾਕਿਸਤਾਨ) ਜ਼ਿਲ੍ਹਾ ਸੱਖਰ ਵਿਚ ਹੈ[1045]- **ਬਾਲਾ: ੪੬**/੩੭੧. **ਭੰਗੂ: ੩੨**/੮੩; **੪੩**/੯੯; **੧੨੫**/੩੨੮; **੧੩੧**/੩੩੭. **ਗਗ.੧: ਪੂ.੧੨**/੪੪੧. **ਗਗ.੩: ਪੂ.੬੧**/੧੫੬੮.

ਭਗਤ / ਤੁ ਸਿੰਘ[1]

ਮਘਿਆਣੇ ਕਲਾਂ ਨਗਰ ਦਾ ਵਸਨੀਕ ਗੁਰ ਸਿੱਖ ਜਿਸ ਨੇ ਨਨਕਾਣਾ ਸਾਹਿਬ ਦੇ ਸਥਾਨ ਉਤੇ 6ਵੇਂ ਸਤਿਗੁਰਾਂ ਦੀ ਕਥਾ ਭਾਈ ਮਨੀ ਸਿੰਘ ਜੀ ਪਾਸੋਂ ਧਰਮ ਸਿੰਘ ਅਤੇ ਹੋਰ ਸਿੱਖਾਂ ਸਮੇਤ ਸੁਣੀ[1046]-**ਗੁ.ਬਿ.੬: ੧**/੫-੨18 (ਪਰਉਪਕਾਰੀ); **੨**/੩੨-੩੯3; **੩**/੪੬; **੪**/੭੭-੧੧੯27 (ਸ੍ਰੀ ਗੁਰ ਕੇ

[1043] *ਮਹਾਨਕੋਸ਼,* ਪੰ. 898.

[1044] ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 180.

[1045] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 83 (ਫੁਨੇ.)।

[1046] ਗਿ. ਜੋਗਿੰਦਰ ਸਿੰਘ ਵੇਦਾਂਤੀ (ਸੰਪਾਂ), *ਪੂਰਵ ਅੰਕਿਤ,* ਪੰ. 835.

ਪਯਾਰੇ, ਪਯਾਰੇ); **੫**/੧੨੨-੪੪10 (ਪਰਉਪਕਾਰੀ); **੬**/੧੫੬-੭੫16; **੭**/੧੭੭. ੨੦੬20; **੮**/੨੦੭-੩੦੭53 (ਦਾਸ ਕੀ7 ਦਾਸ2, ਕਵਿ2); **੯**/੩੦੮-੪੨੨88 (ਭਾਈ ਪਿਆਰੇ2, ਦਾਸਨਿ ਦਾਸ, ਦਾਸ ਕਵਿ); **੧੦**/੪੩੨; **੧੧**/੪੪੪; **੧੨**/੪੬੦3,; **੧੩**/੪੮੦-੮੨3 (ਕਵਿ); **੧੬**/੫੪੮-੫੬6; **੧੭**/੫੫੭-੯੪17; **੧੮**/੫੯੬-੬੩੩31 ਦਾਸ, ਦਾਸ ਕਵੀ4, ਬਾਲ ਕਵੀ); **੧੯**/੬੩੪-੮੫21 (ਦਾਸ ਕਵੀ2); **੨੦**/੬੯੧-੭੪੩25; **੨੧**/੭੪੪-੮੦੦30 (ਮਨੀ ਸਿੰਘ ਸੁਆਮੀ ਕਾ ਦਾਸ, ਦਾਸੁ ਕਵਿ, ਬਾਲ ਕਵਿ).

ਭਗਤ ਸਿੰਘ[2]

ਗੁਰੂ ਗੋਬਿੰਦ ਸਿੰਘ ਦਾ ਕੋਈ ਸੇਵਕ ਜਿਸ ਦੀ ਧੀ ਤੁਰਕਾਂ ਨੇ ਮਾਰ ਦਿੱਤੀ ਸੀ, ਤਾਂ ਉਸਦੇ ਘਰ ਦਰਬਾਰਾ ਸਿੰਘ ਨਾਮੀ ਪੁੱਤਰ ਪੈਦਾ ਹੋਇਆ ਸੀ- **ਕੁ.੧੦: ੧੪**/੧੮੧; **੧੫**/੧੮੫2, **੧੬**/੧੯੪2.

ਭਗਤ ਸਿੰਘ[3]

ਲਾਹੌਰ ਵਿਖੇ ਨਖਾਸ ਚੌਂਕ ’ਚ ਬਣੇ ਗੁਰਦੁਆਰਾ ਸ਼ਹੀਦ ਗੰਜ ਦਾ ਪੁਜਾਰੀ- **ਗਗ.੪: ਉ.੨੯**/੨੧੯੪.

ਭਗਤ ਸਿੰਘ[4]

ਸੁਧਾਸਰ ਦੇ ਜੰਗ ਸਮੇਂ ਬਾਬਾ ਦੀਪ ਸਿੰਘ ਜੀ ਦਾ ਕੋਈ ਸੰਗੀ ਸੂਰਮਾ- **ਗਗ.੫: ਉ.੫੧**/੨੫੭੦.

ਭਗਤ ਗਿਰ

ਭਗਤ ਭਗਵਾਨੀਏ ਫਿਰਕੇ ’ਚ ਗੁਸਾਂਈ ਭੇਖ ਦਾ ‘ਭਗਤ ਗਿਰ’ ਨਾਂ ਦਾ ਉਦਾਸੀ ਸਾਧੂ- **ਗਗ.੫: ਉ.੫੯**/੨੮੩੫.

ਭਗਤ ਭਗਵਾਨ

ਭਗਵਾਨ ਗਿਰਿ ਸੰਨਿਆਸੀ ਇਹ ਗੁਰੂ ਹਰਿ ਰਾਇ ਸਾਹਿਬ ਦਾ ਸਿੱਖ ਹੋਇਆ। ਇਸ ਨੇ ਬਾਬਾ ਧਰਮ ਚੰਦ ਜੀ ਦੇ ਪੁਤ੍ਰ ਮਿਹਰਚੰਦ ਦੀ ਸੰਗਤ ਕਰਕੇ ਉਦਾਸੀ ਭੇਖ ਧਾਰਨ ਕੀਤਾ। 7ਵੇਂ ਗੁ. ਜੀ ਨੇ ਇਸ ਦਾ ਨਾਂ ‘ਭਗਤ ਭਗਵਾਨ’ ਰੱਖਿਆ[1047]- **ਕੁ.੧੦: ੧੬**/੧੯੪2 (ਭਗਤ ਸਿੰਘ2). **ਗਗ.੫: ਉ.੫੯**/੨੮੩੬-੩੭੫.

[1047] *ਮਹਾਨਕੋਸ਼,* ਪੰ. 901.

ਭਗਤਾ

ਬਠਿੰਡਾ ਜ਼ਿਲ੍ਹਾ, ਫੂਲ ਤਹਿਸੀਲ ਦਾ ਪਿੰਡ 'ਭਗਤਾ ਭਾਈ ਕਾ', ਇਹ ਨਗਰ ਭਾਈ ਬਹਿਲੋ ਵੰਸ਼ੀ ਭਈ ਭਗਤੇ ਨੇ ਵਸਾਇਆ, ਜੋ ਰਾਮਪੁਰਾ ਫੂਲ ਤੋਂ 12 ਮੀਲ ਉੱਤਰ-ਪੱਛਮ ਹੈ[1048]- **ਗਗ.੫: ਉ.੪੧**/੨੩੯੬; **ਉ.੫੯**/੨੮੬੫2.

ਭਗਤੂ, ਭਾਈ

ਭਾਈ ਬਹਿਲੋ ਵੰਸ਼ੀ ਬੈਰਾੜ ਜੱਟ ਜਿਸ ਨੇ ਮਾਲਵੇ ਵਿਚ ਭਗਤਾ ਨਾਮੀ ਪਿੰਡ ਵਸਾਇਆ। ਇਸ ਦੇ ਪੋਤਰੇ ਫਤਹਿ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਤਲਵੰਡੀ ਸਾਬੋ ਵਿਖੇ ਅੰਮ੍ਰਿਤਪਾਨ ਕੀਤਾ[1049]- **ਗੁ.ਬਿ.੬: ੧੧**/੪੪੫ (ਭਗਤੂ, ਸੂਰ ਅਪਾਰ, ਅਨੰਤਾ ਬਲੀ). **ਕੁ.੧੦: ੧੮**/੨੩੧. **ਮਪ.ਵ: ੧੧੦**/੧੫੭8. **ਮਪ.ਕ,ਭ/ਖ-੨/੨:** (ਭਗਤੋ7). **ਭੰਗੂ: ੨੪.੧**/੬੬; **੨੫**/੬੯; **੩੩**/੮੫ (ਭਾਈ); **੯੯.੧**/੧੬੧; **੬੯.੨**/੧੬੪; **੧੩੨**/੩੪੦ (ਭਾਈ); **੧੩੩**/੩੫੦; **੧੫੦**/੩੮੫; **੧੬੦.੧**/੪੨੫-੨੭9; **੧੬੦.੩**/੪੨੯-੩੦2. **ਗਗ.੧: ਪੂ.੧੮**/੪੮੮2; **ਪੂ.੧੯**/੫੦੩; **ਪੂ.੨੧**/੫੨੩; **ਪੂ.੨੩**/੫੪੮; **ਪੂ.੨੪**/੫੫੫2; **ਪੂ.੨੫**/੫੭੯; **ਪੂ.੨੭**/੫੮੯; **ਪੂ.੨੮**/੬੧੩. **ਗਗ.੨: ਪੂ.੩੧**/੮੦੯-੧੦2, ੨੦-੨੧3 (ਭਾਈ6). **ਗਗ.੩: ਪੂ.੬੮**/੧੬੭੮; **ਪੂ.੬੯**/੧੬੮੬ . **ਗਗ.੪: ਉ.੩**/੧੭੯੫; **ਉ.੭**/੧੮੫੫. **ਗਗ.੫: ਉ.੪੪**/੨੪੫੦; **ਉ.੫੫**/੨੭੨੨-੨੪5.

ਭੰਗਰ / ਭੰਗ੍ਰ ਨਾਥ

ਅਚਲ ਵਿਖੇ ਰਹਿਣ ਵਾਲਾ ਕੋਈ ਸਿੱਧ ਜੋਗੀ- **ਬਾਲਾ: ੩੬**/੩੧੩2. **ਹਰਿ.੨: ੬**/੭0-੭੪13; **੭**/੮੭2. ਗਿਆ: ੫੬੫-੬੬8, ੫੯੪-੯੫9. **ਗੁ.ਬਿ.੬: ੯**/੩੯੪3. **ਮਪ.ਕ,ਭ.੧: ੩੮**/੨੭੯. **ਗਗ.੧: ਪੂ.੧੦**/੪੨੨.

ਭਗਵਤ/ਭਾਗਵਤ ਗੀਤਾ

1048 *ਮਹਾਨਕੋਸ਼,* ਪੰ. 901

1049 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 69 (ਫੁਨੇ.)।

ਵਯਾਸ ਕ੍ਰਿਤ ਇਕ ਪੁਰਾਣ, ਜਿਸਦੇ 12 ਸਕੰਧ, 312 ਅਧਿਆਇ ਅਤੇ 18000 ਸਲੋਕ ਹਨ[1050]- **ਬਾਲਾ: ੩**/੧੭੮. ਮਿਹ.**੧: ੧੧੦**/੩੬੫2; **੧੦੩**/੩੪੪. **ਹਰਿ.੨: ੩੬**/੨੨੭2. **ਚਤੁ.੩: ੬੩**/੫੭੪. ਗਿਆ: ੨੧੭-੨੧3 (ਚਤ੍ਰ ਸਲੋਕੀ ਸ੍ਰੀ ਭਾਗਵਤ੫, ਸ੍ਰੀ ਭਗਵਤ ਕਾ ਗ੍ਰੰਥ), ੩੬੧-੬੨੫, ੪੯੨, ੬੧੯. **ਗੁ.ਬਿ.੬: ੧੫**/੫੨੪ ੨੬2(ਭਾਗਵੰਤਾਰੀ, ਪੁਰਾਣ/ਨ**2**). ਛਿਬਰ**: ੧੦**/੧੨੪. **ਗਗ.੧: ਪੂ.੩**/੩੩੨; **ਪੂ.੮**/੩੯੬. **ਗਗ.੫: ਉ.੫੮**/੨੭੮੬.

ਭਗਵੰਤ

ਮਹਿਤਾ ਭਗਵੰਤ ਰਾਇ, ਪਰਗਨਾ, ਨੇਸ਼ਟਾ ਭਰਲੀ ਦਾ ਕਾਨੂੰਗੋ, ਜੋ ਰਾਵੀ ਕਿਨਾਰੇ ਭਰਤ ਪਿੰਡ ਦਾ ਨਿਵਾਸੀ ਸੀ[1051]- **ਭੰਗੂ: ੮੩**/੨੦੧. **ਗਗ.੪: ਉ.੧੩**/੧੯੦੯.

ਭਗਵਾਨ ਸਿੰਘ[1]

ਬਾਬਾ ਰਾਮਰਾਇ ਨੂੰ ਸਮਾਧੀ 'ਚ ਬੈਠੇ ਨੂੰ ਜਲਾਉਣ ਵਾਲਿਆਂ ਦੀ ਅੰਸ਼ 'ਚੋਂ - **ਗਗ.੩: ਪੂ.੫੩**/੧੪੦੪.

ਭਗਵਾਨ ਸਿੰਘ[2]

ਜੱਸਾ ਸਿੰਘ ਰਾਮਗੜ੍ਹੀਏ ਦਾ ਪਿਤਾ- **ਗਗ.੫: ਉ.੫੩**/੨੬੬੫2.

ਭਗਵਾਨ ਸਿੰਘ[3]

ਨਾਭਾਪਤਿ ਦੇਵਿੰਦ੍ਰ ਸਿੰਘ ਦਾ ਛੋਟਾ ਪੁੱਤਰ, ਭਰਪੂਰ ਸਿੰਘ ਦਾ ਭਰਾ- **ਗਗ.੫: ਉ.੫੫**/੨੭੨੦-੨੧3.

ਭਗਵਾਨ ਸਿੰਘ[4]

ਬੂੜੀਆ ਮਿਸਲ ਦੇ ਬਾਇ ਸਿੰਘ ਦਾ ਪੁੱਤਰ- **ਗਗ.੫: ਉ.੫੬**/੨੭੩੫.

ਭਗਵਾਨ ਸਿੰਘ

ਫੂਲਵੰਸ਼ੀ ਬਸਾਵਾ ਸਿੰਘ ਦਾ ਪੁਤਰ- **ਗਗ.੫: ਉ.੫੬**/੨੭੪੪.

ਭਗਵਾਨ ਗਿਰਿ

ਵੇ. 'ਭਗਤ ਭਗਵਾਨ'.

1050 *ਮਹਾਨਕੋਸ਼,* ਪੰ. 911.

1051 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 201 (ਫੁਨੋ.)।

ਭਗਵਾਨ ਘੇਰੜ

ਘੇਰੜ ਜਾਤੀ ਦਾ ਸਰਕਾਰੀ ਠੇਕੇਦਾਰ ਜੋ ਹਰਿਗੋਬਿੰਦਪੁਰੇ ਦੇ ਜੰਗ ਵਿਚ 6ਵੇਂ ਗੁਰੂ ਹੱਥੋਂ ਮਰਿਆ- **ਗੁ.ਬਿ.੬: ੧੩**/੪੮੯. **ਗਗ.੧: ਪੂ.੨੪**/੫੫੮ (ਭਗਵਾਨਾ, ਘੇਰੜ ਖੱਤ੍ਰੀ).

ਭੰਗਾ ਸਿੰਘ

ਡੱਲੇਵਾਲੀਆ ਮਿਸਲ ਦੇ ਸ. ਮਿੱਤ ਸਿੰਘ ਦਾ ਭਤੀਜਾ[1052]- **ਭੰਗੂ: ੧੨੯**/੩੩੧. **ਗਗ.੫: ੳ.੩੮**/੨੩੬੦-੬੧੩; **ੳ.੫੪**/੨੬੮੮, ੨੭੧੪.

ਭੰਗਾਣੀ

ਰਾਜ ਨਾਹਨ (ਸਰਮੌਰ) ਤਹਿਸੀਲ ਪਾਂਵਟਾ, ਥਾਣਾ ਮਾਜਾਰਾ ਦਾ ਪਿੰਡ, ਜੋ ਪਾਂਵਟੇ ਤੋਂ ਸੱਤ ਮੀਲ ਪੂਰਵ ਹੈ। ਸੰਮਤ 1746 ਨੂੰ ਦਸਮੇਸ਼ ਜੀ ਦਾ ਪਹਾੜੀ ਰਾਜਿਆਂ ਨਾਲ ਜੰਗ ਹੋਇਆ[1053]- **ਗੁ.ਬਿ.੬: ੧੧**/੪੪੭੨; **੨੧**/੭੫੧. **ਕੁ.੧੦:** ੬/੯੬. **ਸੁ.੧੦: ੬**/੧੦੫, ੧੧੧੨. **ਭੰਗੂ: ੫੮.੨**/੧੩੨. **ਗਗ.੩: ਪੂ.੫੪**/੧੪੨੫; **ਪੂ.੫੫**/੧੪੩੨, ੩੫੨; **ਪੂ.੫੬**/੧੪੬੫, ੭੦, ੭੮. **ਗਗ.੪: ੳ.੩**/੧੮੧੩.

ਭੰਗੀ

ਸ. ਛੱਜਾ ਸਿੰਘ ਅਤੇ ਭੰਗਾ ਸਿੰਘ ਆਗੂਆਂ ਦੀ ਸਿੱਖ ਮਿਸਲ[1054]- **ਭੰਗੂ: ੧੪੩**/੩੭੩; **੧੫੬**/੪੦੬; **੧੫੯**/੪੨੪. **ਗਗ.੫: ੳ.੫੩**/੨੬੫੯੨; **ੳ.੫੭**/੨੭੯੦.

ਭਗੀਰਥ

ਮੈਲਸੀਹਾਂ ਪਿੰਡ ਦਾ ਨੰਬਰਦਾਰ, ਜੋ ਦੁਰਗਾ ਦੀ ਉਪਾਸਨਾ ਤਿਆਗ ਕੇ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ[1055] **ਮਪ-ਕ,ਭ.੧: ੫੦**/੩੮੩; **੫੫**/੫੦੨-੦੩ (ਬੁੱਢੇ ਭਗੀਰਥ3).

ਭਗੀਰਥ, ਰਾਜਾ

1052 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ* ਪੰ. 331 (ਫੁਨੋ.)।

1053 *ਮਹਾਨਕੋਸ਼,* ਪੰ. 927.

1054 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 373 (ਫੁਨੋ.)।

1055 ਮਹਾਨਕੋਸ਼, ਪੰ. 903.

ਮਹਾਂਭਾਰਤ ਅਨੁਸਾਰ ਦਿੱਲੀ ਪ ਦਾ ਪੁਤ੍ਰ, ਸੂਰਜਵੰਸ਼ੀ, ਅਜੁੱਧਿਆ ਦਾ ਰਾਜਾ[1056]- **ਮਪ-ਕ,ਭ/ਖ-੨/੧: ੮**/੧੯੦੫ (ਭਗੀਰਥ6).

ਭਗੌੜਾ ਸਿੰਘ

ਖਾਲਸਾ ਦਲ ਦਾ ਕੋਈ ਸਿੱਖ ਸਿਪਾਹੀ- **ਗਗ.੪: ਉ.੨੬**/੨੧੪੦.

ਭੰਡਾਰੀ

ਗੁਰੂ ਹਰਗੋਬਿੰਦ ਦਾ ਸਿੱਖ ਸਿਪਾਹੀ- **ਗਗ.੧: ਪੂ.੨੩**/੫੪੬; **ਪੂ.੨੪**/੫੫੪.

ਭੰਦੇਰ

ਭੰਦੇਰ ਜੱਟਾਂ ਦਾ ਵਸਾਇਆ ਨਗਰ, ਜੋ ਜ਼ਿਲ੍ਹਾ ਬਰਨਾਲਾ, ਥਾਣਾ ਧਨੌਲਾ ਅਧੀਨ ਬਰਨਾਲਾ ਰੇਲਵੇ ਸਟੇਸ਼ਨ ਤੋਂ 15 ਮੀਲ ਦੱਖਣ ਹੈ[1057]- **ਗਗ.੨: ਪੂ.੩੪**/੧੦੧੨.

ਭਦੌੜ

ਜ਼ਿਲ੍ਹਾ ਸੰਗਰੂਰ ਵਿਚ ਬਰਨਾਲਾ ਤੋਂ ਜੈਤੋ ਜਾਣ ਵਾਲੀ ਸੜਕ ਉੱਪਰ ਸਥਿਤ ਇਕ ਕਸਬਾ, ਜਿਸ ਨੂੰ ਪਟਿਆਲਾ ਦੇ ਬਾਬਾ ਆਲਾ ਸਿੰਘ ਨੇ ਵਸਾਇਆ ਸੀ[1058]- **ਭੰਗੂ: ੧੫੦**/੩੮੪; **੧੬੧**/੪੩੨. **ਗਗ.੫: ਉ.੫੬**/੨੭੩੭.

ਭਰਤਗਢ/ਗੜ੍ਹ

ਤਹਿਸੀਲ ਅਤੇ ਜ਼ਿਲ੍ਹਾ ਰੋਪੜ ਦਾ ਪਿੰਡ, ਜੋ ਨੰਗਲ ਸੜਕ `ਤੇ ਸਥਿਤ ਰੇਲਵੇ ਸਟੇਸ਼ਨ ਭਰਤਗੜ੍ਹ ਹੈ[1059]- **ਭੰਗੂ: ੮੩**/੨੦੧ (ਭਰਤਗ੍ਰਾਮ). **ਗਗ.੪: ਉ.੨੪**/੨੦੯੨, ੯੭. **ਗਗ.੫: ਉ.੫੪**/੨੭੦੪.

ਭਰਤਪੁਰ/ਪੁਰਿ

ਰਾਜਪੂਤਾਨੇ ਦੀ ਰਿਆਸਤ ਭਰਤਪੁਰ ਦਾ ਪ੍ਰਧਾਨ ਨਗਰ, ਜੋ ਆਗਰੇ ਤੋਂ 34 ਮੀਲ-ਪੱਛਮ ਹੈ[1060]- **ਭੰਗੂ: ੧੩੧**/੩੩੪2. **ਗਗ.੫: ਉ.੪੬**/੨੪੬੬; **ਉ.੫੩**/੨੬੭੨.

[1056] ਮਹਾਨਕੋਸ਼, ਪੰ. 903

[1057] ਉਹੀ, ਪੰ. 928.

[1058] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਵਵ ਅੰਕਿਤ,* ਪੰ. 384 (ਫੁਨੋ.)।

[1059] ਡਾ. ਕਿਰਪਾਲ ਸਿੰਘ, *ਪੂਰਵ ਅੰਕਿਤ,* ਪੰ. 384.

ਭਰਥਰਿ/ਭਰਥਰੀ ਨਾਥ

ਗੁਰੂ ਨਾਨਕ ਦੇਵ ਦੇਵ ਜੀ ਨਾਲ ਵਾਰਤਾ ਕਰਨ ਵਾਲਾ ਸਿੱਧ ਜੋਗੀ- **ਪੁਰਾ: ੫੦**/੧੭੬-੭੮੫. **ਬਾਲਾ: ੩੬**/੩੧ਰ10; **੩੭**/੩੧੯-੨੧11 (ਭਰਥਰ2); **੪੭**/੩੭215; **੪੮**/੩੭੯. ਮਿਹ.**੧: ੧੧੭**/੩੮੫7 (ਸ੍ਰੀ ਭਰਥਰੀ ਬੈਰਾਗੀ, ਬੈਰਾਗੀ); **੧੨੨**/੪੦੫17. **ਹਰਿ.੨: ੭**/੮੬3; **੮**/੧੩੦; **੨੧**/੧੭੫; **੪੪**/੨੬੧3. ਗਿਆ: ੩੮੧-੮੨6, ੪੬੫. **ਮਪ-ਕ,ਭ.੧: ੩੧**/੧੮੭-੯੬16 (ਭਰਥਰ/ਨਾਥ8); **੩੨**/੨੩੭; **੩੪**/੨੩੭; **੩੮**/੨੮੩; **੪੩**/੩੧੨10; **੪੪**/੩੧੫. **ਮਪ-ਕ,ਭ/ਖ-੨/੨: ੪**/੮੭. **ਗਗ.੧: ਪੂ.੮**/੩੯੨-੯੪4 (ਭਰਥਰਿ ਸਿਧਿ); **ਪੂ.੧੦**/੪੧੫, ੨੨.

ਭਰਥਰੀ ਰਾਜਾ

ਧਾਰਾ ਨਗਰੀ ਦਾ ਰਾਜਾ, ਮਹਾਰਾਜਾ ਵਿਕਰਮਾਦਿੱਤ ਉਜੈਨ ਪਤੀ ਦਾ ਭਾਈ, ਜੋ ਸੰਸਕ੍ਰਿਤ ਦਾ ਮਹਾਨ ਵਿਦਵਾਨ ਸੀ। ਇਹ ਆਪਣੀ ਪਤਨੀ ਦਾ ਵਿਭਚਾਰ ਦੇਖਕੇ ਬੈਰਾਗੀ ਹੋਇਆ- **ਮਿਹ.੧: ੬੧**/੨੦੦8 (ਗੁਸਾਂਈ ਭਰਥਾਰੀ12, ਗੁਸਾਂਈ3); **੮੭**/੨੭੯; **੯੧**/੩੦੦-੦੨6 (ਗੁਸਾਂਈ, ਪਰਮੇਸਰ ਕੇ ਪਿਆਰੇ); **੯੨**/੩੦੩-੦੫15 (ਗੁਸਾਂਈ11, ਪੁਰਖ2); **੯੩**/੩੦੬-੦੯7 (ਗੁਸਾਂਈ ਭਰਥਰੀ20); **੯੪**/੩੧੦. ਗਿਆ: ੬0੪. **ਗਗ.੨: ਪੂ.੪੨**/੧੧੮੩.

ਭਰਪੂਰ ਸਿੰਘ

ਨਾਭਾਪਤਿ ਦੇਵਿੰਦ੍ਰ ਸਿੰਘ ਦਾ ਵਡਾ ਸਪੁੱਤਰ, ਜੋ ਰਾਣੀ ਮਾਨ ਕੌਰ ਦੇ ਉਦਰ ਤੋਂ 1840 ਈ. ਨੂੰ ਜਨਮਿਆ। ਇਹ 1847 ਨੂੰ ਗੱਦੀ ’ਤੇ ਬੈਠਿਆ ਅਤੇ 1863ਈ. ਨੂੰ ਇਸ ਦਾ ਦੇਹਾਂਤ ਹੋ ਗਿਆ[1061]- **ਗਗ.੫: ਉ.੫੫/**੨੭੨੦੩; **ਉ.੫੯**/੨੮੫੯ (ਨ੍ਰਿਪ ਭਰਪੂਰ ਉਦਾਰੈਂ).

ਭਰੀ ‘ਭੜੀ’

ਜ਼ਿਲ੍ਹਾ ਲੁਧਿਆਣਾ, ਤਹਿਸੀਲ ਸਮਰਾਲਾ ਦਾ ਪਿੰਡ, ‘ਪੰਥ ਪ੍ਰਕਾਸ਼. ੧’ ਦੇ ਕਰਤਾ ‘ਰਤਨ ਸਿੰਘ ਭੰਗੂ` ਇਸ ਪਿੰਡ ਦੇ ਵਸਨੀਕ ਸਨ[1062]- **ਗਗ.੧: ਪੂ.੨**/੩੨੭; **ਪੂ.੨੪**/੫੫੬. **ਗਗ.੪: ਉ.੩੨**/੨੨੨੪.

[1060] ਮਹਾਨਕੋਸ਼, ਪੰ. 906.

[1061] ਉਹੀ।

[1062] ਉਹੀ, ਪੰ. 794.

ਭੱਲਣ/ਨ

ਭਾਈ ਲਾਲੇ ਦਾ ਭਾਈ ਅਤੇ ਬੈਰਾੜ ਕਪੂਰ ਸਿੰਘ ਦਾ ਤਾਇਆ ਸੀ। ਇਸ ਨੂੰ ਅਕਬਰ ਨੇ ਮਾਲਵੇ ਦੀ ਸਰਦਾਰੀ ਬਖਸ਼ੀ ਸੀ। ਇਹ ਛੇਵੇਂ ਗੁ. ਜੀ ਦੇ ਨਾਲ ਜੰਗਾਂ ਯੁੱਧਾਂ ਵਿਚ ਵੀ ਸਹਾਇਕ ਰਿਹਾ[1063]- **ਗਗ.੧: ਪੂ.੨੩**/੫੪੬; **ਪੂ.੨੪**/੫੫੪-੫੬2 (ਭਲਨ ਬਿਰਾਗਰ), ੫੬੦ (ਭਲਨ, ਭੱਲਨੁ ਭਾਲੁ) **ਪੂ.੨੫**/੭੯; **ਪੂ.੨੭**/੫੯੯, ੬੦੩; **ਪੂ.੨੮**/੬੧੩. **ਗਗ.੫: ਉ.੫੫**/੨੭੨੫.

ਭਲਣ

ਜ਼ਿਲ੍ਹਾ ਹੁਸ਼ਿਆਰਪੁਰ, ਥਾਣਾ ਨੂਰਪੁਰ ਦਾ ਪਿੰਡ ਜੋ ਰੇਲਵੇ ਸਟੇਸ਼ਨ ਨਵਾਂ ਸ਼ਹਰ ਤੋਂ 16 ਮੀਲ ਪੂਰਵ ਹੈ[1064]- **ਗਗ.੩: ਪੂ.੫੯**/੧੫੨੬.

ਭਵਿਸਿਤ ਪੁਰਾਣ

ਅਠਾਰਾਂ ਪੁਰਾਣਾਂ ਵਿਚੋਂ ਇਕ ਪੁਰਾਣ, ਜਿਸ ਦੇ ਪੰਜ ਪਰਵ ਹਨ। ਇਸ ਪੁਸਤਕ ਦੇ ਬਹੁਤੇ ਪਾਠ ਆਪੋ ਵਿਚ ਮੇਲ ਨਹੀਂ ਖਾਂਦੇ[1065]- **ਕੁ.੧੦: ੨**/੨੭. **ਮਪ.ਵ: ੨੬**/੮. **ਗਗ.੧: ਪੂ.੨੪**/੩੩੩.

ਭਵਾਨੀ ਦਾਸ

ਦੌਲਤ ਖਾਂ ਲੋਧੀ ਦਾ ਖਜ਼ਾਨਚੀ- **ਬਾਲਾ: ੯**/੨੦੪5 (ਭਵਾਨੀਦਾਸ ਖਜ਼ਾਨਚੀ2).

ਭਵਾਨੀਓ

ਇਕ ਮਹਿਰੀ ਦੇ ਪੁੱਤਰ ਦਾ ਨਾਂ, ਜਿਸ ਦੀ ਚਤੁਰਾਈ ਦਾ ਹੁਨਰ ਦੇਖ ਕੇ ਸੋਢੀ ਗੁਲਾਬ ਰਾਇ ਨੇ ਇਸ ਨੂੰ ਦੋ ਪੁੱਤਰ ਭਵਾਨੀਓ ਤੇ ਗੁਰੀਓ ਬਖਸ਼ੇ ਸਨ- **ਭੰਗੂ: ੭੧**/੧੬੬-੬੭.

ਭੜਾਣੀ/ਨੀ

ਜ਼ਿਲ੍ਹਾ ਤਹਿਸੀਲ ਲਹੌਰ, ਥਾਣਾ ਬਰਕੀ ਦਾ ਦਾ ਪਿੰਡ 'ਪਢਾਣਾ', ਜੋ ਰੇਲਵੇ ਸਟੇਸ਼ਨ ਅਟਾਰੀ ਤੋਂ ਸੱਤ ਮੀਲ ਦੱਖਣ ਹੈ[1066]- **ਭੰਗੂ: ੧੦੨**/੨੫੭ (ਭੜਾਣੇ, ਭਡਾਣੇ). **ਗਗ. ੪: ਉ.੨੦**/੨੦੨੨; **ਉ.੨੧**/੨੦੫੦; **ਉ.੩੪**/੨੨੫੯.

[1063] *ਮਹਾਨਕੋਸ਼* ਪੰ. 908.

[1064] ਉਹੀ।

[1065] ਉਹੀ।

ਭੜੀ

ਵੇ. 'ਭਰੀ'

ਭਾਊ

ਮਰਾਠਾ ਸੈਨਾਪਤੀ ਸਦਾਸ਼ਿਵ ਰਾਓ ਭਾਊ, ਜੋ 1761 ਈ. ਨੂੰ ਪਾਣੀਪਤ ਦੀ ਲੜਾਈ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਸੈਨਾ ਨਾਲ ਲੜਦਾ ਹੋਇਆ ਸ਼ਹੀਦ ਹੋਇਆ[1067]- **ਭੰਗੂ: ੧**/੨; **੧੨੩**/੩੨੭; **੧੩੧**/੩੩੩; **੧੫੩**/੩੯੫-੯੬2.

ਭਾਈ ਕੇ ਚੱਕ

ਬਰਨਾਲਾ ਤਹਿਸੀਲ ਜ਼ਿਲ੍ਹਾ ਲੁਧਿਆਣਾ ਦਾ ਪਿੰਡ, ਰਾਇਕੋਟ ਦੇ ਆਸ-ਪਾਸ, ਗੁਰੂ ਗੋਬਿੰਦ ਸਿੰਘ ਜੀ ਮਾਲਵਾ ਰਟਨ ਸਮੇਂ ਇੱਥੇ ਆਏ ਸਨ- **ਭੰਗੂ: ੨੨**/੬੧.

ਭਾਈ ਰੂਪਾ

ਪੰਜਾਬ ਦੇ ਮੌਜੂਦਾ ਜ਼ਿਲ੍ਹਾ ਬਠਿੰਡਾ ਤਹਿਸੀਲ ਫੂਲ ਦਾ ਪਿੰਡ, ਜੋ ਰਾਮਪੁਰਾ ਫੂਲ ਵੇਲਵੇ ਸਟੇਸ਼ਨ ਤੋਂ 11 ਮੀਲ ਉੱਤਰ ਹੈ। ਇਥੇ ਗੁਰੂ ਹਰਗੋਬਿੰਦ ਜੀ ਦਾ ਗੁਰਦੁਆਰਾ ਹੈ[1068]- **ਗੁ.ਬਿ.੬: ੧੯**/੬੪੬, ੫੨2, ੬੯-੭੦2, ੬੭੫; **੨੦**/੭੦੩. **ਗਗ.੧: ਪੂ.੨੫**/੫੭੧. **ਗਗ.੩: ਪੂ.੬੮**/੧੬੭੮. **ਗਗ.੪: ਉ.੭**/੧੯੫੫. **ਗਗ.੫: ਉ.੫੬**/੨੭੩੧2.

ਭਾਗ ਸਿੰਘ[1]

ਰਾਜਾ ਗਜਪਤ ਸਿੰਘ ਜੀਂਦ ਪਤੀ ਦਾ ਦੂਜਾ ਪੁੱਤਰ, ਜੋ 21 ਸਾਲ ਦੀ ਉਮਰ ਵਿਚ ਸੰਨ 1789 ਨੂੰ ਜੀਂਦ ਦੀ ਗੱਦੀ 'ਤੇ ਬੈਠਾ[1069]- **ਗਗ.੧: ਪੂ.੨**/੩੨੦, ੨੩. **ਗਗ.੫: ਉ.੫੪**/੨੭੧੩-੧੪2 (ਜੀਂਦਪਤਿ); **ਉ.੫੫**/੨੭੨੧2; **ਉ.੫੬**/੨੭੪੩3.

ਭਾਗ ਸਿੰਘ[2]

[1066] *ਮਹਾਨਕੋਸ਼,* ਪੰ. 737.

[1067] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 2 (ਫੁਨੋ.)।

[1068] ਮਹਾਨਕੋਸ਼, ਪੰ. 911.

[1069] ਉਹੀ।

ਡੱਲੇਵਾਲੀਆ ਮਿਸਲ ਦੇ ਮਿੱਤ ਸਿੰਘ ਦਾ ਭਤੀਜਾ[1070]- **ਭੰਗੂ: ੬੪**/੧੫੪੨; **੧੨੯**/੩੩੧. **ਗਗ.੫: ੳ.੩੮**/੨੩੬੧; **ੳ.੫੪**/੨੭੦੧੨.

ਭਾਗ ਸਿੰਘ[3]

ਸਾਂਹਚੀ ਨਾਲ ਜੰਗ ਸਮੇਂ ਬਾਬਾ ਰਾਮ ਸਿੰਘ ਬੇਦੀ ਦਾ ਸੰਗੀ- **ਗਗ.੫: ੳ.੫੨**/੨੬੩੫.

ਭਾਗ ਸਿੰਘ ਕੰਗ

ਬਾਬਾ ਦੀਪ ਸਿੰਘ ਜੀ ਨਾਲ ਮਿਲਕੇ ਅੰਮ੍ਰਿਤਸਰ 'ਚੋਂ ਗਿਲਜੇ ਕੱਢਣ ਵਾਲਾ ਸਿੰਘ- **ਗਗ.੫: ੳ.੫੦**/੨੫੫੯੨.

ਭਾਗਨ/ਭਾਗਣ

ਗੁਰੂ ਹਰਿਗੋਬਿੰਦ ਸਾਹਿਬ ਦੀ ਸੱਸ ਅਤੇ ਮਾਤਾ ਮਹਾਂਦੇਵੀ ਜੀ ਦੇ ਮਾਤਾ- **ਗੁ.ਬਿ.੬: ੯**/੩੫੬-੫੭੨ (ਸੁਭਚਾਰੀ), ੩੬੦-੬੨੨, ੩੮੫੨; **੧੭**/੫੮੫ (ਮਾਤ), ੫੯੪੨; **੨੧**/੭੬੭.

'ਭਾਗਨਪੁਰ'

ਸਰਹੰਦ ਨਜ਼ਦੀਕ ਬਸੀ ਤੋਂ ਪੂਰਬ ਵਾਲੇ ਪਾਸੇ ਪਿੰਡ, ਜਿਥੇ ਬੁੱਢਾ ਦਲ ਦੇ ਜੈਨ ਖਾਂ ਨੂੰ ਸੋਧਣ ਲਈ ਡੇਰਾ ਲਾਇਆ[1071]- **ਭੰਗੂ: ੧੪੬**/੩੭੮.

ਭਾਗਭਰੀ

ਕਸ਼ਮੀਰ ਨਿਵਾਸੀ ਸੇਵਾਦਾਸ ਦੀ ਮਾਤਾ, ਜਿਸ ਨੇ ਗੁਰੂ ਹਰਿਗੋਬਿੰਦ ਸਾਹਿਬ ਲਈ ਹੱਥੀਂ ਬਸਤ੍ਰ ਤਿਆਰ ਕਰਕੇ ਭੇਂਟ ਕੀਤੇ[1072]- **ਗੁ.ਬਿ.੬: ੯**/੩੩੭-੪੨੪ (ਮਾਈ22). **ਮਪ.ਵ: ੮੫**/੧੨੮-੩੦ (ਮਾਤਾ3, ਸਿਖਨੀ). **ਗਗ.੧: ਪੂ.੨੩**/੫੩੯.

ਭਾਗ ਮੱਲ[1]

ਸੁਰ ਸਿੰਘ ਪਿੰਡ ਦਾ ਨਿਵਾਸੀ, ਜਿਸਨੇ ਭਾਈ ਬਿਧੀ ਚੰਦ ਦੇ ਪੁੱਤਰ ਲਾਲ ਚੰਦ ਵਾਸਤੇ ਸੁਰ ਸਿੰਘ ਵਿਖੇ ਨਵਾਂ ਘਰ ਤੇ ਜ਼ਮੀਨ ਭੇਟ ਕੀਤੀ ਸੀ[1073]- **ਗੁ.ਬਿ.੬: ੨੧**/੭੯੪.

[1070] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 331 (ਫੁਨੋ.)।

[1071] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 378 (ਫੁਨੋ).

[1072] *ਮਹਾਨਕੋਸ਼,* ਪੰ. 912.

ਭਾਗਮੱਲ[2]

ਸਹਿਸਰਾ-ਪਿੰਡ ਦੇ ਚੌਧਰੀ ਤਖ਼ਤ ਮੱਲ ਦਾ ਪੋਤ੍ਰਾ- **ਗਗ.੪: ਉ.੨੦**/੨੦੨੩. **ਗਗ.੫: ਉ.੫੩**/੨੬੭੮; **ਉ.੫੭**/੨੭੪੫.

ਭਾਗਲਪੁਰ

ਬਿਹਾਰ ਦੇ ਇੱਕ ਜ਼ਿਲ੍ਹੇ ਦਾ ਪ੍ਰਧਾਨ ਨਗਰ, ਜੋ ਗੰਗਾ ਦੇ ਸੰਜੇ ਕਿਨਾਰੇ ਹੈ[1074]- **ਗਗ.੧: ਪੂ.੭**/੩੭੬ **ਗਗ.੨: ਪੂ.੩੫**/੧੦੪੧.

ਭਾਗੀ ਬ੍ਰਹਮਨ

ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਮਰਵਾਹੀ ਦੇ ਵਿਆਹ ਦਾ ਸਾਹਾ ਸੋਧਣ ਵਾਲਾ ਵਿਅਕਤੀ- **ਗਗ.੧: ਪੂ.੨੩**/੫੪੦.

ਭਾਗੂ

ਬਰਵਾਰੀ ਪੁਰਿ ਦਾ ਨਿਵਾਸੀ, ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ- **ਗਗ.੩: ਪੂ.੫੨**/੧੩੯੬.

ਭਾਗੋ

ਬੀਬੀ ਅਮਰੋ (ਗੁਰੂ ਅੰਗਦ ਜੀ ਦੀ ਸਪੁੱਤਰੀ) ਦੀ ਸੱਸ ਦਾ ਨਾਂ- ਛਿਬਰ**: ੨**/੧੭੫ (ਬੀਬੀ ਦੀ ਸਸੂ, ਤਾਈ ਜੀ).

ਭਾਗੋ ਖਰੇਹੜ

ਲਾਹੌਰ ਦਾ ਚਉਧਰੀ- **ਚਤੁ.੩: ੧੦**/੩੮੫-੮੮੪.

ਭਾਗੋ ਮਲਿਕ

ਸੈਦਪੁਰ (ਏਮਨਾਬਾਦ) ਦੇ ਹਾਕਿਮ ਜ਼ਾਲਿਮ ਖ਼ਾਨ ਦਾ ਅਹਿਲਕਾਰ[1075]- **ਮਪ-ਕ,ਭ.੧: ੪੯**/੩੭੭.

ਭਾਣਾ

ਪ੍ਰਯਾਗ ਨਿਵਾਸੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ[1076]- **ਗਗ.੧: ਪੂ.੨੨**/੫੩੬; **ਪੂ.੨੩**/੫੪੬.

[1073] ਗਿ. ਜੋਗਿੰਦਰ ਸਿੰਘ ਵੇਦਾਂਤੀ (ਸੰਪਾ.), *ਪੂਰਵ ਅੰਕਿਤ,* ਪੰ. 834.

[1074] *ਮਹਾਨਕੋਸ਼,* ਪੰ. 912.

[1075] ਉਹੀ।

ਭਾਣੇ ਖੇੜੀ

ਜ਼ਿਲ੍ਹਾ, ਤਹਿਸੀਲ ਅਤੇ ਥਾਣਾ ਅੰਬਾਲਾ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਅੰਬਾਲਾ ਛਾਉਣੀ ਤੋਂ 4 ਮੀਲ ਦੱਖਣ-ਪੱਛਮ ਹੈ[1077]- **ਗਗ.੨: ਪੂ.੪੫**/੧੨੬੬.

ਭਾਦਸੋਂ

ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਪਿੰਡ, ਜੋ ਪਟਿਆਲਾ ਸਰਹੰਦ ਸੜਕ ਲਾਗੇ ਸਰਹੰਦ ਤੋਂ 14 ਕਿ.ਮੀ. ਹੈ[1078]- **ਭੰਗੂ: ੧੨੦**/੩੨੨. **ਗਗ.੪: ੳ.੧੩**/੧੯੧੧ (ਭਾਦਸੂ).

ਭਾਨਾ/ਭਾਣਾ[1]

ਬਾਬਾ ਬੁੱਢਾ ਸਾਹਿਬ ਜੀ ਦਾ ਸਪੁੱਤਰ[1079]- **ਗੁ.ਬਿ.੬: ੯**/੩੭੮; **੧੬**/੫੨੮-੪੦ (ਭਾਨਾ/ਸਾਹਿਬ ਭਾਨਾ17, ਭਾਨੂ/ਸਾਹਿਬ ਭਾਨੂ5, ਸੁਤ), ੫੫੩11 (ਭਾਈ); **੧੭**/੫੬੫-੬੭3, ੮੫-੯੩ (ਭਾਨਾ/ਸਾਹਿਬ ਭਾਨਾ7);**੧੮**/੫੯੮-੬੩੨(ਭਾਨਾ/ਸਾਹਿਬ ਭਾਨਾ58);**੨੧**/੭੬੫-੯੮ (ਭਾਨਾ/ਸਾਹਿਬ ਭਾਨਾ36). **ਗਗ.੧: ਪੂ.੨੫**/੫੦੪; **ਪੂ.੨੭**/੬੦੪; **ਪੂ.੨੮**/੬੧੩-੧੯5 (ਬਿਧ ਅੰਸ). **ਗਗ.੨: ਪੂ.੨੮**/੮੬੪.

ਭਾਨਾ[2]

ਮੰਡਿਆਲੇ ਦੇ ਆਕਲ ਦਾਸ ਮਹੰਤ ਦਾ ਮਸੰਦ- **ਗਗ.੫: ੳ.੫੧**/੨੫੬੭.

ਭਾਨੀ, ਬੀਬੀ

ਗੁਰੂ ਅਮਰਦਾਸ ਜੀ ਦੀ ਸਪੁੱਤਰੀ, ਗੁਰੂ ਰਾਮਦਾਸ ਜੀ ਦੇ ਮਹਲ (ਪਤਨੀ) ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ- ਗਿਆ: ੬੨੮ (ਬੀਬੀ ਜੀ3). **ਗੁ.ਬਿ.੬: ੧**/੧੨ (ਬੀਬੀ); **੪**/੬੪; **੮**/੨੮੪-੯੧ (ਭਾਨੀ/ਮਾਤਾ ਭਾਨੀ ਜੀ9); **੧੨**/੪੬੬-੬੭2; **੧੯**/੬੪੭. ਛਿਬਰ: **੩**/੨੪-੨੯15; **੪**/੩22; **੫**/੩੮-੪੦3. **ਮਪ.ਵ: ੫੫**/੯੮-੯੯8 (ਭਾਨੀ); **੫੯**/੧੦੦-੦੨ (ਬੀਬੀ ਭਾਨੀ, ਬੀਬੀ

1076 *ਮਹਾਨਕੋਸ਼,* ਪੰ. 913.

1077 ਉਹੀ।

1078 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 322 (ਫੁਨੋ.)।

1079 ਉਹੀ।

ਜੀ5). **ਮਪ-ਕ,ਭ/ਖ-੨/੧:** (ਭਾਨੀ, ਬਡਭਾਗੀ); **੨੯**/੨੬੫-੬੬੫; **੩੨**/੨੭੨-੭੪ (ਬੀਬੀ ਜੀ2, ਪੁਤ੍ਰੀ2, ਪਰਮ ਪੁਨੀਤ); **੨੨**/੩੯੫. **ਭੰਗੂ: ੭੭**/੧੭੮2. **ਗਗ.੧: ਪੂ.੧੫**/੪੬੭; **ਪੂ.੧੭**/੪੮੨.

ਭਾਨੂ/ਭਾਨੂੰ

ਰਾਜਮਹਲ ਦਾ ਨਿਵਾਸੀ, ਬਹਲ ਗੋਤ ਦਾ, ਗੁਰੂ ਹਰਗੋਬਿੰਦ ਦਾ ਆਤਮਗਿਆਨੀ ਸਿੱਖ ਤੇ ਯੋਧਾ, ਜੋ ਅੰਮ੍ਰਿਤਸਰ ਦੇ ਜੰਗ ਵਿਚ ਸ਼ਹੀਦ ਹੋਇਆ[1080]- **ਗੁ.ਬਿ.੬: ੧੦**/੪੩੨, ੪੩੭-੩੯8; **੧੧**/੪੪੪ (ਭਾਨੂੰ ਸੂਰ). **ਗਗ.੧: ਪੂ.੨੪**/੫੫੪2 (ਭਾਨੂੰ ਸੁਭੱਟ).

ਭਾਰਤ

ਰਾਜਾ ਭਰਤ ਦੇ ਨਾਂ ਦਾ ਦੇਸ਼, ਜਿਸ ਨੂੰ ਹਿੰਦੁਸਤਾਨ ਕਿਹਾ ਜਾਂਦਾ ਹੈ[1081]- **ਕੁ.੧੦: ੧੬**/੨੦੨. **ਸੁ.੧੦: ੧**/੧੭ (ਭਾਰਥ ਖੰਡ); **੧੨/**੧੭੬ (ਭਾਰਥ)

ਭਾਰਥ[1]

ਵਿਆਸ ਕ੍ਰਿਤ 18 ਪਰਵਾਂ ਅਤੇ ਇੱਕ ਲੱਖ ਸ਼ਲੋਕਾਂ ਦਾ ਸੰਗ੍ਰਹਿ ਇਕ ਗ੍ਰੰਥ, ਜਿਸ ਨੂੰ 'ਮਹਾਂਭਾਰਤ' ਗ੍ਰੰਥ ਵੀ ਕਿਹਾ ਜਾਂਦਾ ਹੈ[1082]- **ਗਗ.੩: ਪੂ.੫੫**/੧੪੫੬. **ਗਗ.੫: ਉ.੫੮**/੨੭੮੯.

ਭਾਰਥ[2]

ਭਰਤਵੰਸ਼ੀ ਕੌਰਵ ਪਾਂਡਵਾਂ ਦਾ ਕਰੁਕੇਤ੍ਰ ਦੇ ਮੈਦਾਨ ਵਿਚ ਕੀਤਾ ਘੋਰ ਸੰਗ੍ਰਾਮ, ਵਿਦਵਾਨਾਂ ਨੇ ਇਸ ਜੰਗ ਦਾ ਸਮਾਂ 950 ਬੀ.ਸੀ. ਮੰਨਿਆ ਹੈ[1083]- **ਕੁ.੧੦: ੧੯**/੨੪੮. **ਗਗ.੫: ਉ.੩੭**/੨੩੪੨; **ਉ.੩੯**/੨੩੬੨; **ਉ.੪੦**/੨੩੭੬; **ਉ.੪੪**/੨੪੪੩.

ਭਾਰਾ

ਛੇਵੇਂ ਗੁ. ਜੀ ਦਾ ਸਿੱਖ ਯੋਧਾ-- **ਗਗ.੧: ਪੂ.੨੩**/੫੪੬; **ਪੂ.੨੪**/੫੫੬.

ਭਿੱਖਾ

[1080] *ਮਹਾਨਕੋਸ਼,* ਪੰ. 914.

[1081] ਉਹੀ।

[1082] ਉਹੀ।

[1083] ਉਹੀ, ਪੰ. 935.

ਗੁਰੂ ਜਸ ਕਰਤਾ ਇਕ ਭੱਟ, ਜਿਸ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਸ੍ਵੈਯਾਂ ਵਾਲੇ ਭਾਗ ਵਿਚ ਹੈ[1084]- **ਗੁ.ਬਿ.ਇ: ੪**/੧੧੩2. **ਮਪ.ਵ: ੬੧**/੧੦੪.

ਭਿਖਾਰੀ

ਗੁਰੂ ਅਰਜਨ ਦੇਵ ਜੀ ਦਾ ਗੁਜਰਾਤ ਨਿਵਾਸੀ ਬ੍ਰਹਮਗਿਆਨੀ ਸਿੱਖ[1085]- **ਗੁ.ਬਿ.ਇ: ੬**/੧੬੧-੬੫18 (ਗੁਰਮੁਖਿ16).

ਭਿਖਾਰੀਖਾਨ

ਮੀਰ-ਮੰਨੂੰ ਦੀ ਬੇਗਮ ਦਾ ਵਜ਼ੀਰ- **ਗਗ.੫: ਉ.੩੭**/੨੩੨੯2.

ਭਿਖੀ

ਮਾਨਸਾ ਜ਼ਿਲ੍ਹੇ ਦਾ ਮਸ਼ਹੂਰ ਕਸਬਾ, ਜੋ ਮਾਨਸਾ-ਸੁਨਾਮ ਰੋਡ ’ਤੇ ਮਾਨਸਾ ਤੋਂ ਲਗਪਗ 20 ਕਿ.ਮੀ. ਦੂਰ ਹੈ- **ਗਗ.੨: ਪੂ.੩੪**/੧੦੧੪.

ਭਿਬਰ

ਜੰਮੂ ਰਾਜ ਦਾ ਪਹਾੜੀ ਇਲਾਕਾ ਅਤੇ ਉਸਦੀ ਤਹਿਸੀਲ ਦਾ ਨਗਰ। ਇਸ ਦਾ ਉਚਾਰਣ ਭਿੰਭਰ ਵੀ ਹੈ[1086]- **ਗਗ.੪: ਉ.੧੭**/੧੯੮੭-੮੮3.

ਭਿਰਾਈ ਮਾਤਾ

ਖਡੂਰ ਸਾਹਿਬ ਵਿਖੇ ਮਾਤਾ (**ਵੇ.**) ‘ਬਿਰਾਈ’.

ਭਿੜੀ

ਮੁਰਿੰਡੇ ਦੇ ਨਜ਼ਦੀਕ ਕੋਈ ਪਿੰਡ- **ਗਗ.੧: ਪੂ.੨੭**/੬੦੪.

ਭੀਖਨ

ਲਖਨਊ ਦੇ ਇਲਾਕੇ ਕਕੋਰੀ ਦਾ ਵਸਨੀਕ ਸਾਧੂ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ[1087]- **ਗੁ.ਬਿ.ਇ: ੪**/੯੬. **ਗਗ.੧: ਪੂ.੬**/੩੬੯ (ਭੀਖਨ, ਭਗਤ).

‘ਭੀਖਨ ਸ਼ਾਹ/ਸ਼ਾਹ ਭੀਖ’

[1084] *ਮਹਾਨਕੋਸ਼,* ਪੰ. 916.

[1085] ਉਹੀ।

[1086] ਉਹੀ, ਪੰ. 917.

[1087] ਉਹੀ, ਪੰ. 918.

ਇਸ ਮਹਾਤਮਾ ਦਾ ਜਨਮ ਸੈਯਦ ਕੁਲ ਵਿਚ ਪਿੰਡ ਸਿਆਨਾ, ਤਹਿਸੀਲ ਕੈਥਲ, ਜ਼ਿਲ੍ਹਾ ਕਰਨਾਲ ਵਿਚ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਬਾਰੇ, ਆਪਣੀ ਆਤਮਿਕ ਸ਼ਕਤੀ ਨਾਲ ਪਤਾ ਕਰਕੇ ਇਹ ਪਟਨੇ ਪਹੁੰਚੇ ਸਨ[1088]- **ਗਗ.੨: ਪੂ.੪੫**/੧੨੬੧-੬੩ (ਮੀਰ ਫਕੀਰ, ਸੈਦ2, ਪੀਰ, ਸ਼ਾਹ ਭੀਖ, ਸ਼ਾਹ).

ਭੀਖਨ ਖਾਨ

ਇਹ ਸੌ ਸਵਾਰ ਦਾ ਸਰਦਾਰ ਨਿਮਕ ਹਰਾਮ ਪਠਾਣ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਕੇ ਪਹਾੜੀ ਰਾਜਿਆਂ ਨਾਲ, ਭੰਗਾਣੀ ਦੇ ਜੰਗ ਸਮੇਂ ਜਾ ਮਿਲਿਆ ਸੀ[1089]- **ਗੁ.ਸੋ:੨**/੧੨. **ਕੁ.੧੦: ੬**/੮੯-੯੮6 (ਖਾਨਨਪਤਿ, ਜੋਧਾ ਬਲਵਾਨ), **ਸੁ.੧0: ੬**/੧੦੮3, ੧੧੪. **ਗਗ.੧: ਪੂ.੨੫**/੫੭੯. **ਗਗ.੩: ਪੂ.੫੨**/੧੩੮੩; **ਪੂ.੫੪**/੧੪੨੭; **ਪੂ.੫੫**/੧੪੩੩, ੪੪, ੫੨, ੫੫, ੫੯; **ਪੂ.੫੮**/੧੫੧੪.

ਭੀਮ ਸਿੰਘ

ਤਾਰਾ ਸਿੰਘ ਵਾਂ ਦੇ ਜਥੇ ਵਿਚ, ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰੱਤੋ ਕੀ ਦਾ ਵਸਨੀਕ ਕੋਈ ਸੂਰਮਾ- **ਭੰਗੂ: ੮0.੧**/੧੮੮. **ਗਗ.੪: ੳ.੨੦**/੨੦੨2੨; **ੳ.੨੧**/੨੦੫੦, ੫੭.

ਭੀਮ ਚੰਦ

ਪਹਾੜੀ ਰਿਆਸਤ ਕਹਿਲੂਰ ਦਾ ਰਾਜਾ, ਜੋ ਅਕਾਰਣ ਗੁ. ਜੀ ਨਾਲ ਭੰਗਾਣੀ ਦੇ ਜੰਗ ਵਿਚ ਲੜਿਆ ਅਤੇ ਮਾਤ ਖਾਧੀ-**ਗੁ.ਸੋ: ੩**/੧੪; **੮**/੪੯੫੩ (ਰਾਜਾ/ਰਾਵ10, ਰਾਵ ਕੈਹਲੂਰ); **੯**/੫੬ (ਰਾਵ ਕਹਲੂਰ, ਰਾਜਾ); **੧੦**/੬੫ (ਰਾਜਾ); **੧੪**/੧੦੦. **ਕੁ.੧੦: ੩**/੪੭ (ਭੀਮ ਸਸੀ); **੫**/੭੧-੮੦4 (ਭੂਪ10, ਨ੍ਰਿਪ10, ਹਜ਼ਰਤ, ਮੂਰਖ, ਚੰਦੇਰੀਪਤਿ); **੬**/੮੨-੮੯4 (ਸਸਿ ਭੀਮ, ਨ੍ਰਿਪ7, ਗੁਰ ਦ੍ਰੋਹੀ); **੭**/੧੦੦-੧੦੧4 (ਰਾਜਾ10); **੧੦**/੧੪੩-੧੫੬6 (ਰਾਜਾ10, ਰਾਵ3 ਸਸਿਰਾਵ); **੧੧**/੧੬੦; **੧੬**/੧੯੫. **ਸੁ.੧੦: ੪**/੫੪2 (ਚੰਦੇਰੀ ਰਾਜਾ); **੫**/੭੭-੮੭4 (ਰਾਜਾ2, ਰਾਈ); **੬**/੯੯-੧੧੪ (ਸਸੰ ਭੀਮੰ, ਰਾਜੇ ਕਲੂਰ, ਭੀਮ ਰਾਈ, ਰਾਜਾ3). **੭**/੧੨0-੨੩2; **੧੪**/੧੯੮-੨੦੬3 (ਭੀਮ ਸਸੀ, ਰਾਜੈ); ੧੫/੨੩੧

[1088] ਉਹੀ, ਪੰ. 177.

[1089] ਉਹੀ, ਪੰ. 918.

(ਕਲੂਰੰ); **੧੬**/੨੪੧; **੧੭**/੨੬੪ (ਕਲੂਰਪਤਿ); **੧੮**/੨੬੬ (ਭੀਮ ਸਸੀ). **ਭੰਗੂ:੪੭**/੧੦੩ (ਕਹਿਲੂਰੀ2). **ਗਗ.੨: ਪੂ.੩੪**/੧੦੦੧-੦੫2; **ਪੂ.੪੮**/੧੩੨੦-੨੪5; **ਪੂ.੪੯**/੧੩੨੮-੪212 (ਨ੍ਰਿਪ10, ਭੂਪ, ਨਰੇਸ਼, ਮੂਢ ਨ੍ਰਿਪ, ਗਿਰਪਤਿ, ਕਠੋਰ ਅਭਿਮਾਨੀ, ਕਪਟੀ, ਕੁਠਲ, ਗਿਰੀਸ); **ਪੂ.੫੦**/੧੩੪੩-੫੮10 (ਭੀਮ ਸਭੀਮ ਗਨੀਮ, ਪਤੀ ਕਾਲੂਰ3, ਕਪਟੀ ਨ੍ਰਿਪ, ਸਸਿ ਭੀਮ4). **ਗਗ.੩: ਪੂ.੫੧**/੧੩੬੦-੬੧2 (ਭੀਮ ਸਸਿ3, ਕਪਟੀ ਕੁਮਤਿ, ਕਹਿਲੂਰੀ); **ਪੂ.੫੪**/੧੪੧੮-੩੦11; **ਪੂ.੫੫**/੧੪੩੪-੩੭ (ਸਸਿ ਭੀਮ ਨ੍ਰਿਪ, ਕਹਿਲੂਰ ਮੌਰ), ੧੪੬0-੬੧ (ਭੀਮ ਸਸਿ, ਭੀਮ ਚੰਦ); **ਪੂ.੫੬**/੧੪੭੦, ੧੪੮੨; **ਪੂ.੫੭**/੧੪੯੦-੯੮5 (ਨ੍ਰਿਪ4, ਭੂਪ, ਕਹਿਲੂਰ ਪਤ੍ਰੀ); **ਪੂ.੫੮**/੧੫੦੦-੧੭ (ਭੀਮ ਚੰਦ/ਭੀਮ ਸਸਿ23 (ਕਹਿਲੂਰਪਤੀ, ਨ੍ਰਿਪ); **ਪੂ.੫੯**/੧੫੨੬ ਕਹਿਲੂਰੀ); ੧੫੩02; **ਪੂ.੬੩**/੧੫੯੭-੧੬0੨ (ਕਹਿਲੂਰਪਤੀ, ਭੀਮ ਸਸੀ2); **ਪੂ.੬੪**/੧੬0੮-02 (ਨ੍ਰਿਪ ਕਹਿਲੂਰੀ, ਕਹਿਲੂਰ ਪਤੀ). **ਗਗ.੪: ਉ.੯**/੧੮੭੨-੭੫ (ਕਹਿਲੂਰਪਤੀ3).

ਭੀਲੋਵਾਲ

ਜ਼ਿਲ੍ਹਾ ਲਾਹੌਰ ਦਾ ਇਕ ਪਿੰਡ, ਜਿੱਥੇ ਹੈਦਰੀ ਝੰਡੇ ਹੇਠ ਇਕੱਠੇ ਹੋਏ 1710 ਈ. ਵਿਚ ਮੁਸਲਮਾਨਾਂ ਦੀ ਸਿੱਖਾਂ ਨਾਲ ਲੜਾਈ ਹੋਈ[1090]- **ਭੰਗੂ: ੮੩**/੨੦੨-0੩2. **ਗਗ.੪: ਉ.੨੪**/੨੦੯੭-੯੯2, ੨੧0੭; **ਉ.੨੭**/੨੧੫੨.

ਭੂਸੇ

ਅੰਮ੍ਰਿਤਸਰ ਜ਼ਿਲ੍ਹੇ ਦਾ ਪਿੰਡ, ਤਰਨਤਾਰਨ ਤਹਿਸੀਲ ਵਿਚ[1091]- **ਭੰਗੂ: ੮0.੧**/੧੮੫, ੮੮ ਭੁਸਯੋ, ਭਸਯੋਵਾਲ). **ਗਗ.੪: ਉ.੨੧**/੨੦੪੩.

ਭੁੱਚੋ

ਬਠਿੰਡਾ ਜ਼ਿਲ੍ਹੇ ਦਾ ਪਿੰਡ, ਜੋ ਨਥਾਣਾ ਤਹਿਸੀਲ ਵਿਚ, ਬਠਿੰਡਾ-ਰਾਜਪੁਰਾ ਲਾਇਨ ਦਾ ਰੇਲਵੇ ਸਟੇਸ਼ਨ ਹੈ[1092]- **ਗਗ.੪: ਉ.੨੮**/੨੧੬੫.

[1090] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 202 (ਫੁਨੋ.)।

[1091] ਉਹੀ, ਪੰ. 185 (ਫੁਨੋ.)।

[1092] ਮਹਾਨਕੋਸ਼, ਪੰ. 919.

ਭੁਜ

ਬੰਬਈ ਹਾਤੇ ਕੱਛ ਰਿਆਸਤ ਦਾ ਪ੍ਰਧਾਨ ਨਗਰ[1093]- **ਗਗ.੧: ਪੂ.੯**/੪੦੯.

ਭੁਟਾਨ/ਭੂਟਾਨ

ਪੂਰਵੀ ਹਿਮਾਲਯ ਦੀ ਇਕ ਰਿਆਸਤ, ਜਿਸ ਦੀ ਸਰਹੱਦ ਤਿੱਬਤ ਅਤੇ ਕਾਮਰੂਪ ਨਾਲ ਲਗਦੀ ਹੈ[1094]- **ਕੁ.10: ੨0**/੨੫੯ (ਭੁਟੰਤ). **ਸੁ.10: ੫**/੮੬ (ਭੋਟਾਨ); **੨੦**/੨੮੮ (ਭੁਅੰਤ). **ਗਗ.੧: ਪੂ.੧੦**/੪੧੯-੨੦ (ਭੋਟਾਨ2). **ਗਗ.੩: ਪੂ.੬੨**/੧੫੮੪ (ਭੂਟਾਨੇ).

ਭੂਤ ਵਿੰਡ

ਉਸ ਜਗ੍ਹਾ ਦਾ ਨਾਂ ਜਿੱਥੇ ਬਾਬਾ ਬੁੱਢਾ ਜੀ 'ਦੇਉ' ਨੂੰ ਛੱਡ ਕੇ ਆਏ- **ਮਪ.ਵ: ੩੦**/੭0.

ਭੂੰਦੜ

ਭੂੰਦੜਾਂ ਦਾ ਵਸਾਇਆ ਪਿੰਡ, ਜੋ ਮੌਜੂਦਾ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਵਿਚ, ਬਠਿੰਡਾ-ਰਾਜਪੁਰਾ ਲਾਈਨ 'ਤੇ ਲਹਿਰਾ ਮੁਹੱਬਤ ਰੇਲਵੇ ਸਟੇਸ਼ਨ ਤੋਂ ਦੋ ਕੋਹ-ਪੱਛਮ ਦੱਖਣ ਹੈ[1095]- **ਗਗ.੧: ਪੂ.੨੭**/੫੯੯.

ਭੂਪ ਸਿੰਘ[1]

ਜੀਂਦ ਪਤੀ ਗਜਪਤ ਸਿੰਘ ਦਾ ਪੁੱਤਰ- **ਗਗ.੫: ਉ.੫੫**/੨੭੨੧-੨੨੫; **ਉ.੫੬**/੨੭੪੩.

ਭੂਪ ਸਿੰਘ[2]

ਦਯਾਲ ਸਿੰਘ ਮਜੀਠੀਏ ਦੀ ਵੰਸ਼ 'ਚੋਂ ਗੰਡਾ ਸਿੰਘ ਦਾ ਪੁੱਤਰ, ਕੰਗ ਪਿੰਡ ਦਾ ਵਸਨੀਕ- **ਗਗ.੫: ਉ.੫੭**/੨੭੭੮2.

ਭੂਪਾਲ ਸਿੰਘ

ਫੈਜ਼ਲਾਪੁਰੀ (ਸਿੰਘਾਪੁਰੀ) ਮਿਸਲ ਦੇ ਸ. ਬੁੱਧ ਸਿੰਘ ਦਾ ਪੁੱਤਰ- **ਗਗ.੫: ਉ.੫੪**/੨੭0੪.

ਭੂਪਾਲਿ

1093 ਮਹਾਨਕੋਸ਼, ਪੰ. 919

1094 ਉਹੀ, ਪੰ. 921.

1095 ਉਹੀ, ਪੰ. 922.

ਮਾਨਸਾ ਜ਼ਿਲ੍ਹੇ ਦਾ ਪਿੰਡ, ਜੋ ਰੇਲਵੇ ਸਟੇਸ਼ਨ ਮਾਨਸਾ ਤੋਂ 7 ਮੀਲ ਉੱਤਰ ਹੈ। ਇਸ ਪਿੰਡ ਵਿਚ ਗੁਰੂ ਤੇਗ ਬਹਾਦਰ ਜੀ ਜੀ ਬਿਰਾਜੇ ਸਨ[1096]- **ਗਗ.੨: ਪੂ.੩੪**/੧੦੧੩2.

ਭੂਰਾ

ਗੁਰੂ ਹਰਗੋਬਿੰਦ ਜੀ ਦਾ ਸਿੱਖ ਯੋਧਾ- **ਗਗ.੧: ਪੂ.੨੩**/੫੪੬; **ਪੂ.੨੪**/੫੫੬.

ਭੇਖ ਪ੍ਰਭਾਕਰ

ਗਿਆਨੀ ਗਿਆਨ ਸਿੰਘ ਦੀ ਕੋਈ ਰਚਨਾ- **ਗਗ.੫: ਉ.੫੮**/੨੭੮੬, ੮੯; **ਉ.੬੦**/੨੯੨੭ (ਭੇਖ ਪ੍ਰਭਾਕਰ, ਪੰਥ ਗਾਥਾ).

ਭੈਰਉ/ਭੈਰੋ ਰਾਗ/ਗੁ

ਇਕ ਰਾਗ, ਜਿਸ ਦੀ ਛੇ ਰਾਗਾਂ ਵਿਚ ਗਿਣਤੀ ਹੈ। ਇਹ ਸੰਪੂਰਣ ਜਾਤੀ ਦਾ ਮਾਰਗੀ ਹੈ। ਇਸ ਦੇ ਆਲਾਪ ਦਾ ਵੇਲਾ ਪ੍ਰਾਤਹਕਾਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ 24ਵਾਂ ਸਥਾਨ ਹੈ[1097]- ਮਿਹ.**੧: ੪੬**/੧੩੬; **੫੮**/੧੮੭; **੧੦੬**/੩੫੪. **ਗੁ.ਬਿ.੬: ੨**/੩੮; **੪**/੧੦੯. ਛਿਬਰ: **੫**/੩੯.

ਭੈਰੋਪੁਰ

ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਥਾਣਾ ਵੈਰੋਵਾਲ ਦਾ ਪਿੰਡ-ਭਰੋਵਾਲ/ਭੈਰੋਵਾਲ[1098]- **ਮਪ-ਕ,ਭ/ਖ-੨/੧: ੧੩**/੧੩੨; **੭**/੧੮੪ (ਭੈਰੋਵਾਲ2).

ਭੋਗੜ ਸਿੰਘ

ਤਾਰਾ ਸਿੰਘ ਵਾਂ ਦੇ ਜਥੇ ਨਾਲ ਸ਼ਹੀਦ ਹੋਣ ਲਈ ਆਇਆ ਪਿਸ਼ਾਵਰ ਨਿਵਾਸੀ ਸਿੱਖ- **ਭੰਗੂ: ੮0.੧**/੧੮੮ **ਗਗ.੪: ਉ.੨੦**/੨੦੨੩ (ਭੋਗੜ ਹਰਿ).

ਭੋਪਾਲ

ਮੱਧ ਪ੍ਰਦੇਸ਼ ਦੀ ਰਾਜਧਾਨੀ ਅਤੇ ਭੋਪਾਲ ਜ਼ਿਲ੍ਹੇ ਦਾ ਪ੍ਰਧਾਨ ਨਗਰ- **ਗਗ.੧: ਪੂ.੭**/੩੮੨.

ਭੋਮਾ ਸਿੰਘ

[1096] ਮਹਾਨਕੋਸ਼, ਪੰ. 920.

[1097] ਉਹੀ, ਪੰ. 925.

[1098] ਉਹੀ, ਪੰ. 421.

ਬੰਦਈ ਜਥੇ ਵਿਚ ਸ਼ਾਮਿਲ ਵਿਅਕਤੀ- **ਗਗ.੪: ੳ.੧੪**/੧੯੩੨; **ੳ.੧੯**/੨੦੦੯-੧੦੨; **ੳ.੨੦**/੨੦੨੪; **ੳ.੨੪**/੨੦੯੦; **ੳ.੨੭**/੨੧੫੯.

ਭੋਮਾ ਸਿੰਘ

ਭੰਗੀ ਮਿਸਲ ਦੇ ਸ. ਹਰੀ ਸਿੰਘ ਭੰਗੀ ਦਾ ਪੁੱਤਰ- **ਗਗ.੫: ੳ.੫੩**/੨੬੫੯, ੬੨.

ਭੋਰਾ/ਭੌਰਾ

ਨਾਦਰ ਸ਼ਾਹ ਦੁਰਾਨੀ ਦੇ ਘੋੜੇ ਦਾ ਨਾਂ- **ਭੰਗੂ: ੮੯**/੨੨੩; **੧੫੧**/੩੮੭.

ਮਉ

ਜ਼ਿਲ੍ਹਾ ਜਲੰਧਰ, ਤਹਿਸੀਲ ਥਾਣਾ ਫਿਲੌਰ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਪ੍ਰਤਾਪਪੁਰੇ ਤੋਂ ਢਾਈ ਮੀਲ ਦੱਖਣ ਹੈ। ਗੁਰੂ ਅਰਜਨ ਦੇਵ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਇਸੇ ਪਿੰਡ ਵਿਚ ਹੋਇਆ ਸੀ[1099]- **ਗੁ.ਬਿ.੬: ੫**/੧੩੯, ੧੪੧, ੧੫੪; **੮**/੨੦੭, ੩੦੪-੦੭੨; **੯**/੩੮੪, ੪੦੬, ੪੧੨. ਛਿਬਰ: ੪/੩੨ (ਮਰੂਆ ਗਿਰਾਉ); ੫/੩੫ (ਮਰੂਆ ਗਿਰਾਉ)। **ਗਗ.੧: ਪੂ.੨੧**/੫੨੩.

ਮਸਤਖਾਨ

ਦੌਲਤ ਖਾਂ ਲੋਧੀ ਦਾ ਪੁੱਤਰ[1100]- **ਭੰਗੂ: ੪**/੧੪

ਮਸਤਾਨ ਸਿੰਘ

ਗੁਰੂ ਗੋਬਿੰਦ ਸਿੰਘ ਜੀ ਇੱਕ ਸਿੱਖ ਜੋ ਬਾਅਦ ਵਿਚ ਬੰਦਾ ਬਹਾਦਰ ਨਾਲ ਹੋ ਕੇ ਮੁਗਲਾਂ ਵਿਰੁੱਧ ਲੜਿਆ[1101]- **ਭੰਗੂ: ੧੫੬**/੪੦੪3.

ਮਸਨਵੀ

ਅਰਬੀ ਭਾਸ਼ਾ ਵਿਚ ਉਸ ਛੰਦ ਨੂੰ ਮਸਨਵੀ ਆਖਦੇ ਹਨ, ਜਿਸ ਦੇ ਦੋ-ਦੋ ਪਦ ਸਮਾਨ ਅਨੁਪ੍ਰਾਸ ਦੇ ਹੋਣ- **ਕੁ.੧੦: ੨੦**/੨੬੫. **ਸੁ.੧੦:੨੬**/੪੦੮.

1099 ਮਹਾਨਕੋਸ਼, ਪੰ. 999.

1100 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 14.

1101 ਉਹੀ, ਪੰ. 404 (ਫੁਨੋ.)।

ਮੱਸਾ ਰੰਘੜ

ਮੱਸਾ ਰੰਘੜ, ਅੰਮ੍ਰਿਤਸਰ ਜ਼ਿਲ੍ਹੇ ਵਿਚ ਝਬਾਲ ਦੇ ਨਜ਼ਦੀਕ ਮੰਡਿਆਲੇ ਦਾ ਚੌਧਰੀ, ਜਿਸ ਨੇ ਦਰਬਾਰ ਸਾਹਿਬ ਵਿਚ ਕੰਜਰੀ ਦਾ ਨਾਚ ਕਰਵਾ ਕੇ ਬੇਅਦਬੀ ਕੀਤੀ। ਇਸ ਨੂੰ 1740 ਈ. ਵਿਚ ਸੁੱਖਾ ਸਿੰਘ ਤੇ ਮਤਾਬ ਸਿੰਘ ਨੇ ਆ ਕੇ ਸੋਧਿਆ ਸੀ[1102]- **ਭੰਗੂ: ੯੧**/੧੧੬; **੯੨**/੨੨੭-੩੨ (ਤੁਰਕਨ ਕੋ ਸਰਦਾਰ, ਰੰਘੜੋ ਮੱਸਾ, ਪਾਪੀ ਵਡੋ ਹਰਾਮ, ਮੱਸਾ11); **੧੦੨**/੨੫੭. **ਗਗ.੪: ਉ.੩੧**/੨੨੧੨, ੧੪੨, ੧੭੩ (ਚੰਡਾਲ ਕਮਾਲਹਿ, ਮੱਸਾ ਰੰਘੜ ਦੁਸਟ) ੨੨੧੯-੨੧੭; **ਉ.੩੨**/੨੨੨੫, ੨੨੪੦-੪੧੨. **ਗਗ.੫: ਉ.੫੧**/੨੫੬੬.

ਮਹੰਤ ਸਿੰਘ

ਕੰਬੋ ਜਾਤੀ ਦਾ, ਖੇਮਕਰਨ ਨਿਵਾਸੀ ਬੰਦਈ ਸਿੰਘਾਂ ਦਾ ਮੁਖੀ[1103]- **ਭੰਗੂ: ੬੯.੨**/੧੬੪.

ਮਹਮਦੋਟ

ਜ਼ਿਲ੍ਹਾ ਫਿਰੋਜ਼ਪੁਰ ਦੀ ਸਬ-ਤਹਿਸੀਲ। ਇਹ ਪਿੰਡ ਫਿਰੋਜ਼ਪੁਰ - ਗੁਰੂ ਹਰਸਹਾਏ ਸੜਕ ’ਤੇ ਪੈਂਦਾ ਹੈ[1104]- **ਚਤੁ.੩: ੭੨**/੬੧੧.

ਮਹਾਂ ਸਿੰਘ[1]

ਫੂਲਵੰਸ਼ੀ ਬੀਰ ਸਿੰਘ ਦਾ ਪੋਤਾ- **ਗਗ.੫: ਉ.੫੬**/੨੭੪੧.

ਮਹਾਂ ਸਿੰਘ[2]

ਗੁਰੂ ਗੋਬਿੰਦ ਜੀ ਦੁਆਰਾ ਸੰਮਤ 1762 ਨੂੰ ਮੁਕਤਸਰ ਦੇ ਜੰਗ ਵਿਚ ਲੜਨ ਵਾਲੇ 40 ਮੁਕਤਿਆਂ ਦਾ ਜਥੇਦਾਰ- **ਗਗ.੩: ਪੂ.੬੭**/੧੬੬੯.

ਮਹਾਂ ਸਿੰਘ[3]

ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦਾ ਨਾਂ- **ਭੰਗੂ: ੧੫੬**/੪੦੭, ੧੧. **ਗਗ.੫: ਉ.੫੧**/੨੪੭੯2, ੨੪੯੨; **ਉ.੫੩**/੨੬੮੦7; **ਉ.੫੫**/੨੭੨੧; **ਉ.੫੭**/੨੭੪੬, ੬੯.

[1102] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 226 (ਫੁਨੋ.)।

[1103] ਉਹੀ, ਪੰ. 164 (ਫੁਨੋ.)।

[1104] ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 183.

ਮਹਾਂਦੇਉ[1]

ਸੁਮੇਰ ਪਰਬਤ ਦਾ ਸਿੱਧ ਜੋਗੀ- **ਪੁਰਾ-੫੦**/੧੭੬-੧੭੭.

ਮਹਾਂਦੇਉ/ਮਹਾਦੇਵ[2]

ਗੁਰੂ ਰਾਮਦਾਸ ਜੀ ਦਾ ਸਪੁੱਤਰ, ਗੁਰੂ ਅਰਜਨ ਦੇਵ ਅਤੇ ਪ੍ਰਿਥੀ ਚੰਦ ਦਾ ਭਰਾ- **ਗਿਆ:** ੬੨੮. **ਗੁ.ਬਿ.੬: ੧**/੬; **੨**/੩੪੨; **੩**/੪੩-੪੬12 (ਮਸਤਾਨਾ, ਭੋਲਾ ਮਹੇਸ਼ ਏਸ2, ਆਲਕੇਸ਼), ੫੩3 (ਬਡ ਭ੍ਰਾਤ, ਪੂਰਨ ਕਾਮਾ, ਪ੍ਰਭੂ); **੫**/੧੩੬-੫੨9; **੭**/੧੭੬੮੭25; **੮**/੨੭੭-੮੨7 (ਅਲਮਸਤ, ਅਉਧੂਤ); **੧੬**/੫੫੪. ਛਿਬਰ: **੧੦**/੮੫; **੧੪**/੧੮੦. **ਮਪ.ਵ: ੫੫**/੮੮; **੬੭**/੧1੦-੧੧3. **ਮਪ-ਕ,ਭ/ਖ-੨/੧: ੧**/੩੦੯2; **ਗਗ.੧: ਪੂ.੧੭**/੪੮੨.

ਮਹਾਂਭਾਰਥ

ਵੇ. 'ਭਾਰਥ[3]'

ਮਹਾਂਰਾਸ਼ਟਰ

ਮਰਹੱਟਿਆ ਦਾ ਦੇਸ਼, ਨਾਸਿਕ, ਪੂਨਾ, ਸਿਤਾਰਾ ਅਤੇ ਕੋਲ੍ਹਾਪੁਰ ਦਾ ਇਲਾਕਾ[1105]- **ਗਗ.੪: ਉ.੧**/੧੭੬੪; **ਉ.੩**/੧੭੯੦.

ਮਹਿਤ ਸਿੰਘ

ਬਾਬਾ ਦੀਪ ਸਿੰਘ ਨਾਲ ਅੰਮ੍ਰਿਤਸਰ ਦੇ ਜੰਗ ਵਿਚ ਸ਼ਹੀਦ ਹੋਣ ਵਾਲਾ, ਸਰਾਇ ਗੋਤ ਦਾ ਵਿਅਕਤੀ- **ਗਗ.੫: ਉ.੫O**/੨੫੫੫.

ਮਹਿਤਾਬ ਸਿੰਘ

ਭਾਈ ਰੂਪ ਚੰਦ ਦੀ ਵੰਸ਼ 'ਚ ਸੁਖਚੈਨ ਸਿੰਘ ਦੇ ਪੁੱਤਰ ਗੁਰਮੁਖ ਸਿੰਘ ਪੁੱਤਰ- **ਗਗ.੫: ਉ.੫੬**/੨੭੩੨.

ਮਹਿਮਾ ਖਹਿਰਾ

[1105] *ਮਹਾਨਕੋਸ਼,* ਪੰ. 935.

ਖਡੂਰ ਵਿਖੇ ਖਹਿਰਾ ਗੋਤ ਦਾ ਜੱਟ, ਇਸ ਦੇ ਘਰ ਗੁਰੂ ਅੰਗਦ ਦੇਵ ਜੀ ਰਹਿੰਦੇ ਸਨ[1106]- **ਬਾਲਾ: ੧**/੧੭੧੫.

ਮਹਿਮੂਦ ਗਜ਼ਨਵੀ

ਸੁਬਕਤਗੀਨ ਦਾ ਪੁਤ੍ਰ, ਗਜ਼ਨੀ ਦਾ ਬਾਦਸ਼ਾਹ, ਜੋ 15 ਦਿਸੰਬਰ ਸੰਨ 1967 ਨੂੰ ਪੈਦਾ ਹੋਇਆ ਅਤੇ 997 ਵਿਚ ਤਖ਼ਤ 'ਤੇ ਬੈਠਾ। ਇਸ ਨੇ ਹਿੰਦ ਉਪਰ ਹਮਲੇ ਕਰਕੇ ਬੇਅੰਤ ਧਨ-ਦੌਲਤ ਲੁੱਟੀ[1107]- **ਗਗ.੧; ਪੂ.੪**/੩੪੧.

ਮਹਿਮੇ/ਮਹਿਮੈਂ

ਗੋਨਿਆਣਾ ਮੰਡੀ ਦੇ ਨਜ਼ਦੀਕ, ਜ਼ਿਲ੍ਹਾ ਬਠਿੰਡਾ ਦਾ ਪਿੰਡ 'ਮਹਿਮਾ'[1108]- **ਭੰਗੂ: ੨੨**/੬੧; **੧੩੩**/੩੫੦. **ਗਗ.੫: ਉ.੪੧**/੨੩੯੬.

ਮਹਿਰ ਮਿੱਠਾ

ਧਾਲੀਵਾਲ ਗੋਤ ਦਾ ਪ੍ਰਤਾਪੀ ਮਹਾਨ ਯੋਧਾ ਕਾਂਗੜ ਦਾ ਚੌਧਰੀ, ਜੋਧ ਰਾਇ ਇਸੇ ਦੀ ਵੰਸ਼ ਵਿਚੋਂ ਸੀ[1109]- **ਗਗ.੧: ਪੂ.੨੫**/੫੭੧2 (ਧਾਲੀਵਾਲ).

ਮਹਿਰਾਜ/ਮਰਾਝ

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਖਸ਼ਿਸ਼ ਨਾਲ ਫੂਲ ਵੰਸ਼ ਦੇ ਵਡੇਰੇ ਮੋਹਨ ਦੁਆਰਾ ਵਸਾਇਆ ਨਗਰ ਜੋ ਬਾਹੀਏ (22 ਪਿੰਡ) ਦਾ ਪ੍ਰਧਾਨ ਪਿੰਡ ਸੀ। ਅੱਜ-ਕੱਲ੍ਹ ਜ਼ਿਲ੍ਹਾ ਬਠਿੰਡਾ ਤਹਿਸੀਲ ਰਾਮਪੁਰਾ ਫੂਲ ਵਿਚ ਹੈ[1110]- **ਗੁ.ਬਿ.੬: ੧੯**/੬੬੭-੭੩੩. **ਕੁ.੧੦: ੧੮**/੨੩੧ (ਮਿਰਾਜ). **ਭੰਗੂ: ੨੪.੧**/੬੭; **੩੩**/੮੫; **੧੫੦**/੩੮੪2; **੧੬੦.੩**/੪੨੯. **ਗਗ.੨: ਪੂ.੩੧**/੯੧੧-੧੫5. **ਗਗ.੪: ਉ.੨੮**/੨੧੬੫. **ਗਗ.੫: ਉ.੪੧**/੨੩੯੮.

1106 *ਮਹਾਨਕੋਸ਼*,ਪੰ. 184.

1107 *ਮਹਾਨਕੋਸ਼,* ਪੰ. 933.

1108 ਡਾ. ਬਲਵੰਤ ਸਿਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 350 (ਫੁਨੇ.)।

1109 *ਮਹਾਨਕੋਸ਼,* ਪੰ. 537.

1110 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 384 (ਫੁਨੇ.)।

ਮਰਾੜ ਸਿੰਘ

ਸ਼ਹੀਦ ਭਾਈ ਮਨੀ ਸਿੰਘ ਦਾ ਭਤੀਜਾ ਅਤੇ ਥਰਾਜ ਸਿੰਘ ਦਾ ਭਰਾ- **ਗਗ.੪: ਉ.੨੦**/੨੦੨੪; **ਉ.੨੯**/੨੧੭੮; **ਉ.੩੫**/੨੨੮੮. **ਗਗ.੫: ਉ.੫੪**/੨੭੦੨.

ਮਹਿਲਸਰ

ਕੋਹ ਸਾਗਰ ਦੇ ਨੇੜੇ ਸ਼ਹਿਰ ਜਿੱਥੇ ਗੁਰੂ ਨਾਨਕ ਜੀ ਦੱਖਣ ਜਾਂਦੇ ਸਮੇਂ ਰੁਕੇ- **ਗਗ.੧: ਪੂ.੭**/੩੮੩.

ਮਹੇਸ ਸਿੰਘ

ਬੰਦਾ ਬਹਾਦਰ ਦਾ ਸਾਥੀ, ਜੋ ਬੰਦੇ ਦਾ ਸਾਥ ਛੱਡ ਕੇ ਨਿਰਮਲਾ ਬਣਿਆ- **ਗਗ.੩: ਪੂ.੭੧**/੧੭੨੬.

ਮਹੇਸਾ

ਸੁਲਤਾਨਪੁਰ ਨਿਵਾਸੀ ਇਕ ਧੀਰ ਜਾਤੀ ਦਾ ਖਤ੍ਰੀ ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਆਤਮਗਿਆਨੀ ਹੋਇਆ[1111]- **ਮਪ.ਕ,ਭ/ਖ-੨/੧: ੬**/੧੭੨-੭੩੩.

ਮਹੇਂਦ੍ਰ ਸਿੰਘ

ਮਹਾਰਾਜਾ ਨਰੇਂਦ੍ਰ ਸਿੰਘ ਜੀ ਦੇ ਸਪੁਤ੍ਰ, ਪਟਿਆਲੇ ਦਾ ਮਹਾਰਾਜਾ- **ਗਗ.੫: ਉ.੪੪**/੨੪੪੯ (ਸ੍ਰੀ ਮਹੇਂਦ੍ਰ ਮ੍ਰਿਗੇਸ ਪਟਲੇਸੈ); **ਉ.੫੪**/੨੭੧੦ (ਭੂਪ ਮਹੇਂਦ੍ਰ ਮ੍ਰਿਗੇਸ).

ਮੱਕਾ

ਅਰਬ ਦੇਸ਼ ਵਿਚ ਮੁਸਲਮਾਨਾਂ ਦਾ ਪ੍ਰਮੁਖ ਕੇਂਦਰੀ ਧਾਰਮਿਕ ਸਥਾਨ- **ਪੁਰਾ: ੫੧**/੧੦੩-੦੫6. **ਬਾਲਾ: ੩੦**/੨੯੫; **੩੨**/੨੯੭; **੩੪**/੩੦੪; **੬੮**/੪੩੨; **੬੯**/੪੩੩4. ਮਿਹ.**੧: ੧੩੫**/੪੪੯ (ਮਉਲਾਣਿਆ ਕਾ ਗਾਉ, ਸਹਰ2); **੧੩੬**/੪੧੫-੧716; **੧੩੮**/੪੬੧-੬੨2. ਗਿਆ: ੨੩੨2, ੨੮੭, ੯੪, ੫੧੧2, ੫੧੮-੧੯2, ੫੨੧-੬੨32. **ਗੁ.ਬਿ.੬: ੭**/੧੮੯, ੨੦੦. **ਕੁ.੧੦:** ੩/੪੩; **੪**/੫੫; **੧੦**/੧੪੫. ਛਿਬਰ: **੧੦**/੯੬ (ਮਕੇਸਰ), ੧੦੭ (ਮਕੇਸਰੋ), ੧੧57; **੧੨**/੧੩੭-੩੯2. **ਮਪ.ਵ: ੧੪**/੪੪-੪੫6. **ਮਪ-ਕ,ਭ.੧: ੪੪**/੩੧੫-੩719; **੪੫**/੩੫੦-੫੫4; **੪੬**/੩੫੭-੬27. **ਮਪ-ਕ,ਭ/ਖ-੨/੨: ੧੮**/੫੭੮-

[1111] *ਮਹਾਨਕੋਸ਼,* ਪੰ. 937.

੮੫੩. **ਭੰਗੂ: ੩੫**/੮੮. **ਗਗ.੧: ਪੂ.੧੨**/੪੪੦-੪੨੫; **ਪੂ.੨੨**/੫੩੨. **ਗਗ.੨: ਪੂ.੩੦**/੮੮੪, ੯੮, ੯੦੦. **ਗਗ.੩: ਪੂ.੬੬**/੧੬੪੭ (ਮੱਕਯੋਂ2). **ਗਗ.੪: ੳ.੨੪**/੨੧੦੧.

ਮਕਾਰਪੁਰਿ

ਰਾਜ ਪਟਿਆਲਾ, ਤਹਿਸੀਲ ਸਰਹਿੰਦ, ਥਾਣਾ ਬਸੀ ਦਾ ਪਿੰਡ 'ਮਕਾਰੋਂਪੁਰਿ' ਜੋ ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਦੋ ਮੀਲ ਉੱਤਰ-ਪੂਰਵ ਹੈ[1112]- **ਗਗ.੨: ਪੂ.੩੯**/੧੧੩੨.

ਮਖਸੂਦਾਬਾਦ

ਗੰਗਾ ਕਿਨਾਰੇ ਵਸਿਆ ਇਕ ਨਗਰ, ਜੋ ਕਦੇ ਬੰਗਾਲ ਦੀ ਰਾਜਧਾਨੀ ਸੀ। ਹੁਣ ਇਸ ਦਾ ਨਾਂ ਮੁਰਸ਼ਿਦਾਬਾਦ ਹੈ[1113]- **ਸੁ.੧੦: ੧੧**/੧੬੧. **ਗਗ.੨: ਪੂ.੩੫**/੧੦੪੭. **ਗਗ.੫: ੳ.੩੭**/੨੩੨੨.

'ਮੱਖਣ ਸ਼ਾਹ'

ਜ਼ਿਲ੍ਹਾ ਜੇਹਲਮ ਦੇ ਟਾਂਡਾ ਪਿੰਡ ਦਾ ਵਸਨੀਕ ਇਹ ਲੁਬਾਣਾ ਵਪਾਰੀ ਸਿੱਖ ਸੀ। ਬਾਬਾ ਬਕਾਲੇ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਵਜੋਂ ਇਸ ਨੇ ਪਰਗਟ ਕੀਤਾ ਸੀ[1114]- **ਗੁ.ਬਿ.੬: ੮**/੨੩੯ (ਲੁਬਾਣਾ). **ਕੁ.੧੦: ੧**/੨੨-੨੩੩; **੨੧**/੨੮੬ (ਸਿੱਖ ਲਬਾਨਾ). **ਸੁ.੧੦: ੧**/੭. **ਮਪ.ਵ: ੧੨੧**/੧੭੨-੭੩੫. **ਮਪ-ਕ,ਭ/ਖ-੨/੨: ੬**/੪੨੬. **ਗਗ.੨: ਪੂ.੩੩**/੯੮੬-੯੭੫ (ਕ੍ਰਿਪਾਲ, ਮੱਖਣ੫); **ਪੂ.੩੪**/੧੦੦੧.

ਮੱਖਣ-ਪਿੰਡੀ

ਸਿਆਲਕੋਟ ਜ਼ਿਲ੍ਹੇ ਦਾ ਕੋਈ ਪਿੰਡ- **ਗਗ.੫: ੳ.੫੯**/੨੮੬੩.

ਮਖੂ

ਫਿਰੋਜ਼ਪੁਰ ਜ਼ਿਲ੍ਹੇ ਦਾ ਮਸ਼ਹੂਰ ਕਸਬਾ- **ਗਗ.੫: ੳ.੫੪**/੨੭੧੪.

ਮਗਨ ਰਾਇ

ਕੋਈ ਰਾਜਾ-**ਬਾਲਾ: ੨੭**/੨੭੯.

ਮੰਗਲ ਸਿੰਘ

[1112] *ਮਹਾਨਕੋਸ਼,* ਪੰ. 938.

[1113] ਉਹੀ।

[1114] ਉਹੀ, ਪੰ. 940.

ਗੁਰਦੁਆਰਾ ਤੰਬੂ ਸਾਹਿਬ ਦਾ ਮਹੰਤ ਜੋ ਬਾਬਾ ਰਾਮ ਸਿੰਘ ਕੂਕਾ ਨੂੰ ਤਨਖਾਹ ਲਾਉਂਦਾ ਸੀ- **ਗਗ.੫: ਉ.੫੮**/੨੮੨੦.

ਮੰਗਲ ਪ੍ਰਕਾਸ਼

ਦਸਮ ਗ੍ਰੰਥ ਦੀ ਕਿਸੇ ਰਚਨਾ ਦਾ ਨਾਂ- **ਗਗ.੩: ਪੂ.੬੮**/੧੬੮੨.

ਮੰਗਲੌਰ

ਕਰਨਾਟਕਾ ਰਾਜ ਦਾ ਕੋਈ ਸ਼ਹਿਰ- **ਗਗ.੫: ਉ.੪੮**/੨੪੧੫.

ਮਗਵਾਲ

ਸੰਗਰੂਰ ਜ਼ਿਲ੍ਹੇ ਦਾ ਪਿੰਡ ਇਥੇ ਗੁਰਦੁਆਰਾ ਨਾਨਕਿਆਣਾ ਸਾਹਿਬ ਹੈ- **ਗਗ.੧: ਪੂ.੬**/੩੬੫.

ਮਘਿਆਣਾ

ਜ਼ਿਲ੍ਹਾ ਅਤੇ ਤਹਿਸੀਲ ਲਾਹੌਰ ਦਾ ਇਕ ਨਗਰ, ਇਥੇ ਗੁਰੂ ਨਾਨਕ ਦੇਵ ਦੇਵ ਜੀ ਦਾ ਪਵਿਤ੍ਰ ਅਸਥਾਨ 'ਦਾਤਨ ਸਾਹਿਬ' ਹੈ[1115]- **ਗੁ.ਬਿ.੬: ੧**/੪; **੨੧**/੭੯੯.

ਮੱਘੀ ਸ਼ਾਹ

ਮਨਸੂਰਪੁਰੇ ਦਾ ਨਿਵਾਸੀ ਕੋਈ ਉਦਾਸੀ ਸਾਧੂ- **ਗਗ.੫: ਉ.੫੯**/੨੮੫੮.

ਮਛਰੌਲੀ

ਡੇਰਾ ਬਸੀ ਨੇੜੇ ਕੋਈ ਨਗਰ- **ਗਗ.੫: ਉ.੫੬**/੨੭੩੨.

ਮਛਿੰਦ੍ਰ ਨਾਥ

ਨਾਥ ਪੰਥੀ ਗੋਰਖ ਦਾ ਗੁਰੂ ਇਕ ਪ੍ਰਸਿੱਧ ਜੋਗੀ[1116]- **ਪੁਰਾ: ੪੬**/੧੬0-੬੨੫. **ਬਾਲਾ: ੩੬**/੩105; **੩੮**/੩੪੬; **੪੭**/੩੭੨. ਮਿਹ.**੧: ੧੧੭**/੩੮੫; **੧੨੩**/੪੦੯-1114 (ਸ੍ਰੀ ਨਾਥ ਜੀ2); **੧੨੪**/੪੧੧-139; **੧੨੫**/੪੧੩. **ਹਰਿ.੨: ੭**/੮੫. ਗਿਆ: ੪੫੯, ੪੬੫-੬੯3. **ਮਪ-ਕ,ਭ.੧: ੩੪**/੨੩੭; **੩੫**/੨੬੮-੭੦6; **੩੮**/੨੭੮. **ਗਗ.੧: ਪੂ.੨੨**/੫੩੫. **ਗਗ.੪: ਉ.੧੦**/੧੮੭੯ (ਮਛੰਦਰ).

1115 *ਮਹਾਨਕੋਸ਼,* ਪੰ. 941.

1116 ਉਹੀ।

ਮਜਨੂ/ਮਜਨੂੰ

ਲੈਲੀ ਦਾ ਪ੍ਰੇਮੀ ਇਕ ਪੁਰਖ, ਜਿਸ ਦਾ ਨਾਂ ਕੈਸ ਸੀ। ਇਹ ਅੱਠਵੀਂ ਸਦੀ ਦੇ ਆਰੰਭ ਵਿੱਚ ਹੋਇਆ[1117]- **ਗੁ.ਬਿ.੬: ੮**/੨੩੪, ੨੬੨. **ਗਗ.੪: ਉ.੧੭**/੧੯੧੫.

ਮਜਨੂ ਕਾ ਟਿੱਲਾ

ਦਿੱਲੀ ਪਾਸ ਜਮੁਨਾ ਦੇ ਕਿਨਾਰੇ ਇਕ ਥਾਂ, ਜਿਥੇ ਗੁਰੂ ਨਾਨਕ ਦੇਵ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜੇ ਹਨ[1118]- **ਗਗ.੧: ਪੂ.੬**/੩੬੭ (ਟੀਲੇ ਮਜਨੂੰ). **ਗਗ.੨: ਪੂ.੩੦**/੮੯੬. **ਗਗ.੫: ਉ.੪੮**/੨੫੧੩; **ਉ.੪੯**/੨੫੨੫, ੩੫.

ਮਜਲਸ ਰਾਇ

ਮਾਤਾ ਸਾਹਿਬ ਕੌਰ ਜੀ ਦਾ ਸ਼ਰਧਾਲੂ ਕੋਈ ਰਾਜਾ- **ਕ੍ਰ.੧੦: ੨੧**/੭੭੯-੮੧3 (ਮਜਲਸ2, ਰਾਇਜੀ2). ਛਿਬਰ**: ੧੩**/੧੪੨.

ਮਜੀਠਾ

ਅੰਮ੍ਰਿਤਸਰ ਤੋਂ 15 ਮੀਲ ਦੂਰੀ ਉੱਤੇ ਉੱਤਰ-ਪੱਛਮ ਦਿਸ਼ਾ ਵਿਚ ਇਕ ਕਸਬਾ[1119]- **ਭੰਗੂ:੯੧**/੨੨੬ (ਮਜੀਠੈ); **੯੨**/੨੪੫. **ਗਗ.੪: ਉ.੨੦**/੨੦੨੩;**ਉ.੩੨**/੨੨੪੧. **ਗਗ.੫:** ਉ.੫੭/੨੭੪੬, ੬੦, ੬੮-੭੦6, ੭੯2.

ਮੰਞ

ਭਾਈ ਮੰਞ ਰਾਜਪੂਤ ਜੋ ਪਹਿਲਾਂ ਸੁਲਤਾਨੀਆ ਸੀ, ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸੇਵਕ ਹੋ ਕੇ ਇੱਕ ਕਰਤਾਰ ਦਾ ਉਪਾਸ਼ਕ ਹੋਇਆ[1120]- **ਮਪ.ਵ: ੭੧**/੧੧੩-੧੫23 (ਗੁਰੂ ਪਿਆਰਾ, ਮੰਜ ਗੁਰੂ ਕਾ ਬੋਹਥਾ, ਧੰਨ ਗੁਰੂ ਕਾ ਸਿਖ). **ਮਪ-ਕ,ਭ/ਖ-੨/੨:੭**/੩੩੦-੩੮41 (ਰਾਜਪੂਤ ਚੌਧਰੀ ਗੁਰ ਮੰਞ ਪਿਆਰਾ, ਮੰਞ ਗੁਰੂ ਕਾ ਬੋਹਥਾ). **ਗਗ.੧: ਪੂ.੧੮**/੪੯੮-੫੦੦ (ਮੰਜ8); **ਪੂ.੧੯**/੫੦੩.

[1117] *ਮਹਾਨਕੋਸ਼,* ਪੰ. 942.

[1118] ਉਹੀ।

[1119] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 226 (ਫੁਨੇ.)

[1120] *ਮਹਾਨਕੋਸ਼,* ਪੰ. 1001.

ਮਟਨ

ਰਾਜ ਜੰਮੂ, ਕਸ਼ਮੀਰ ਵਿਚ ਹਰੀ ਪਰਬਤ ਦੀ ਧਾਰਾ ਅੰਦਰ, ਕਿਲ੍ਹਾ ਅਸਕਰਦੂ ਪਾਸ ਇਕ ਅਸਥਾਨ, ਇਥੇ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ[1121]- **ਗਗ.੧: ਪੂ.੧੧**/੪੩੨.

ਮੰਡਿਆਲੀ

ਤਹਿਸੀਲ ਅਤੇ ਜ਼ਿਲ੍ਹਾ ਨਵਾਂ ਸ਼ਹਰ ਦਾ ਨਗਰ 'ਮੰਢਾਲੀ', ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਪਿੰਡ ਅਤੇ ਮਾਤਾ ਮਰਵਾਹੀ ਜੀ ਦਾ ਪੇਕਾ ਪਿੰਡ- **ਗੁ.ਬਿ.੬: ੫**/੧੪੫; **੯**/੩੫੬2, ੩੮੪-੮੫2, ੪੦੦, ੪੦੬, ੪੧੨; **੨੦**/੭੦੩.

ਮੰਡਿਆਲਾ

ਜ਼ਿਲ੍ਹਾ ਜਲੰਧਰ ਦਾ ਇਕ ਪਿੰਡ- **ਭੰਗੂ; ੧੯**/੨੨੬. **ਗਗ.੫: ਉ.੫੪**/੨੬੯੮2.

ਮੰਡੀ

ਕਾਂਗੜਾ ਵਾਦੀ ਦੀ ਪਹਾੜੀ ਰਿਆਸਤ ਤੇ ਉਸ ਦਾ ਪ੍ਰਧਾਨ ਨਗਰ, ਜੋ ਅੱਜ-ਕੱਲ੍ਹ ਹਿਮਾਚਲ ਪ੍ਰਦੇਸ਼ ਵਿਚ ਹੈ। ਮੰਡੀ ਨੂੰ ਮੰਡਿਆਲ ਰਾਜਪੂਤ ਦੇ ਸਰਦਾਰ ਅਜਬਰਸੇਨ ਨੇ ਵਸਾਇਆ ਸੀ[1122]- **ਭੰਗੂ: ੪੭**/੧੦੭; **੧੧੩**/੩੦੨, **ਗਗ.੩: ਪੂ.੬੩**/੧੫੯੮. **ਗਗ.੪: ਉ.੧੦**/੧੮੭੮-੮੬8; **ਉ.੧੧**/੧੮੯੬; **ਉ.੧੨**/੧੯੦੬3; **ਉ.੧੩**/੧੯0੮, ੧੯; **ਉ.੧੪**/੧੯੨੧-੨੨2; **ਉ.੧੬**/੧੯੬੪-੬੫2. **ਗਗ.੫: ਉ.੫੭**/੨੭੭0.

ਮਤਾਬ

ਗੁਰੂ ਤੇਗ ਬਹਾਦਰ ਜੀ ਦਾ ਮਸੰਦ-- **ਗਗ.੨: ਪੂ.੩੭**/੧੦੭੭.

ਮਤਾਬ ਸਿੰਘ[1]

ਹਰਿਮੰਦਰ ਸਾਹਿਬ ਨੂੰ ਅਜ਼ਾਦ ਕਰਵਾਉਣ ਸਮੇਂ ਬਾਬਾ ਦੀਪ ਸਿੰਘ ਜੀ ਨਾਲ ਗਿੱਲ ਗੋਤ ਦਾ ਵਿਅਕਤੀ- **ਗਗ.੫: ਉ.੫੦**/੨੫੨੫.

1121 *ਮਹਾਨਕੋਸ਼,* ਪੰ. 943.

1122 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 107 (ਫੁਨੋ.)।

ਮਤਾਬ ਸਿੰਘ[2]

ਮੀਰਾਂਕੋਟ ਨਿਵਾਸੀ ਸਿਦਕੀ ਸੂਰਮਾ, ਇਸਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਹੇ ਮੱਸੇ ਰੰਘੜ ਦਾ ਸਿਰ ਸੁੱਖਾ ਸਿੰਘ ਮਾੜੀ ਕੰਬੋ ਵਾਲੇ ਨਾਲ ਮਿਲ ਕੇ ਵੱਢਿਆ ਸੀ- **ਭੰਗੂ: ੮੨**/੨੨੭-੩੧੭ (ਸਿੰਘ ਜੀ2); **੮੮**/੨੪੭; **੧੦੨**/੨੫੭2; **੧੦੬**/੨੭੨-੭੪4 (ਸਿੰਘ ਜੀ9). **ਗਗ.੪: ਉ.੨੦**/੨੦੨੪; **ਉ.੩੧**/੨੨੧੭-੨੩12 (ਸਿੰਘ ਮਤਾਬ2); **ਉ.੩੨**/੨੨੪੦; **ਉ.੩੪**/੨੨੫੮-੭੧10. **ਗਗ.੫: ਉ.੫੭**/੨੭੭੭.

ਮਤਾਬ ਸਿੰਘ3

ਬੇਦੀ ਵੰਸ਼ ’ਚੋਂ ਬਾਬਾ ਰਾਮ ਸਿੰਘ ਜੀ ਦੀ ਅੰਸ਼- **ਗਗ.੫: ਉ.੫੨**/੨੬੨੪ (ਬਾਬਾ ਸਿਰੀ ਮਤਾਬ ਸਿੰਘ, ਸ਼ਕਤਿ ਨਿਧੀ ਗੁਰੁ ਅੰਸ)

ਮੱਤੀ

ਜਿਲ੍ਹਾ ਫਰੀਦਕੋਟ ਦਾ ਪਿੰਡ ਮੱਤਾ, ਜੋ ਕੋਟਕਪੂਰੇ ਤੋਂ ਜੈਤੋ ਜਾਣ ਵਾਲੀ ਸੜਕ ’ਤੇ ਹੈ[1123]- **ਭੰਗੂ: ੨੨**/੬੧; **੧੩੩**/੩੫੦. **ਗਗ.੫: ਉ.੪੧**/੨੩੯੬ (ਮੱਤੇ).

ਮਤੀਦਾਸ

ਇਹ ਧਰਮਵੀਰ ਆਤਮਗਿਆਨੀ ਸਿੱਖ ਪੰਜਵੇਂ ਗੁ. ਦੇ ਸਿੱਖ ਭਾਈ ਪਰਾਗੇ ਦਾ ਜੇਠਾ ਪੁੱਤਰ ਸੀ। ਇਹ ਗੁਰੂ ਤੇਗ ਬਹਾਦਰ ਜੀ ਦਾ ਦੀਵਾਨ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਇਸ ਨੂੰ ਆਰੇ ਨਾਲ ਚੀ ਕੇ ਸ਼ਹੀਦ ਕੀਤਾ ਗਿਆ ਸੀ[1124]- ਛਿਬਰ: **੮**/੬੭-੭੪16; **੧੦**/੯੬. **ਮਪ-ਕ,ਭ/ਖ-੨/੨: ੬**/੬੪੯-੫211. **ਗਗ.੨: ਪੂ.੩੭**/੧੦੭੮; **ਪੂ.੩੯**/ ੧੧੩੨-੩੫2; **ਪੂ.੪੦**/੧੧੫੮-੫੯2.

ਮਤੇ ਕੀ ਸਰਾਇ

[1123] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ*, ਪੰ. 350 (ਫੁਨੋ.)।

[1124] ਮਹਾਨਕੋਸ਼, ਪੰ. 944.

ਇਕ ਪਿੰਡ ਜੋ ਪੰਜਾਬ ਦੇ ਜ਼ਿਲ੍ਹਾ ਮੁਕਤਸਰ ਦੇ ਨੇੜੇ ਹੈ। ਇਥੇ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ। ਇਸ ਪਿੰਡ ਨੂੰ 'ਹਰੀ ਕੀ' ਵੀ ਕਿਹਾ ਜਾਂਦਾ ਹੈ[1125]- **ਹਰਿ.੨: ੫**/੬੬-੬੮2 (ਹਰੀਕੇ3). **ਮਪ.ਵ: ੧੪**/੪੮; **੧੮**/੫੩. **ਮਪ-ਕ,ਭ.੧: ੫੧**/੩੮੬. **ਗਗ.੧: ਪੂ.੧੩**/੪੫੦ (ਮੱਤੇ ਕੀ ਸਰਾਂਇ, ਨਾਂਗੇ ਕੀ ਸਰਾਂਇ).

ਮਥੁਰਾ[1]

ਬਾਣੀ ਰਚੈਤਾ ਭੱਟ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ- **ਗੁ.ਬਿ.੬: ੪**/੧੨੩. **ਮਪ.ਵ: ੬੧**/੧੦੪; **੬੭**/੧੧੦. **ਮਪ-ਕ,ਭ/ਖ-੨/੧: ੨**/੩੧੩.

ਮਥੁਰਾ[2]

ਗੁਰੂ ਹਰਗੋਬਿੰਦ ਜੀ ਦਾ ਆਤਮਗਿਆਨੀ ਤੇ ਮਹਾਨ ਯੋਧਾ ਸਿੱਖ[1126]- **ਗੁ.ਬਿ.੬: ੧੪**/੪੯੬-੯੯3 (ਮਥੁਰਾ ਸੂਰ2, ਰਣਥੰਭਾ, ਬਡ ਜੋਧਾ). **ਗਗ.੧: ਪੂ.੨੪**/੫੫੯-੬੧3.

ਮਥੁਰਾ[3]

ਇਲਾਹਾਬਾਦ ਦੇ ਇਲਾਕੇ ਜਮੁਨਾ ਨਦੀ ਦੇ ਸੱਜੇ ਕਿਨਾਰੇ ਬ੍ਰਜਭੂਮਿ ਵਿਚ ਮਥੁਰਾ ਨਾਂ ਦਾ ਪ੍ਰਸਿੱਧ ਸ਼ਹਿਰ ਹੈ[1127]- ਮਿਹ.**੧: ੧੦੯**/੩੬੦-੬੫4; **੧੧੦**/੩੬੫; **੧੧੧**/੩੬੮2; **੧੧੨**/੩੭੧; **੧੩੬**/੪੫੬. **ਹਰਿ.੨: ੩੬**/੨੨੮. ਗਿਆ: ੩੬੯ (ਮਥੁਰਾ ਪੁਰੀ). **ਗੁ.ਸੋ: ੧੬**/੧੧੧. **ਕੁ.੧੦: ੧**/੨੦ (ਮਯਾਪੁਰੀ); **੩**/੪੧2; **੭**/੧੦੩; **੨੦**/੨੫੪-੫੫3. **ਸੂ.੧੦: ੮**/੧੨੬; **੨੬**/੩੯੫3. ਛਿਬਰ**: ੧੨**/੧੪੦. **ਮਪ.ਵ: ੧੧੬**/੧੬੨-੬੫. **ਭੰਗੂ: ੧੨੪**/੩੨੮ (ਮਥੁਰੇ); **੧੩੧**/੩੩੩-੩੪2. **ਗਗ.੧: ਪੂ.੧੫**/੪੬੮. **ਗਗ.੨: ਪੂ.੩੫**/੧੦੩੫2. **ਗਗ.੩: ਪੂ.੫੫**/੧੪੩੨; **ਪੂ.੫੭**/੧੪੮੯; **ਪੂ.੬੯**/੧੬੮੯. **ਗਗ.੪: ਉ.੧**/੧੭੬੪; **ਉ.੩੦**/੨੨0੬. **ਗਗ.੫: ਉ.੩੭**/੨੩੨੬; **ਉ.੩੮**/੨੩੪੭, ੫੪; **ਉ.੬੦**/੨੯੨੨.

[1125] ਗੁਰਮੇਲ ਸਿੰਘ (ਸੰਪਾ.), *ਪੂਰਵ ਅੰਕਿਤ,* ਪੰ. 73.

[1126] *ਮਹਾਨਕੋਸ਼,* ਪੰ. 945.

[1127] ਉਹੀ।

"ਮਥਰਾ ਸ਼ਹਿਰ ਸੰਬੰਧੀ ਸਾਨੂੰ ਲਗਪਗ 40 ਹਵਾਲੇ ਮਿਹਰਬਾਨਜਨਮਸਾਖੀ ਪਰੰਪਰਾ, ਮਪ (ਵਾਰਤਕ ਤੇ ਕਵਿਤਾ), ਭੰਗੂ ਅਤੇ ਗਿ. ਗਿਆਨ ਸਿੰਘ ਕ੍ਰਿਤ ਵਿਚੋਂ ਪ੍ਰਾਪਤ ਹੋਏ ਹਨ।"

ਮਥਰਾਦਾਸ

ਜਾਟਾਂ ਦਾ ਵਕੀਲ ਜੋ ਸਿੰਘਾਂ ਨਾਲ ਮਿਲਾਪ ਕਰਨ ਲਈ ਆਇਆ ਸੀ- **ਭੰਗੂ: ੧੫੩**/੩੯੫.

ਮਥਰਾਪੁਰ

ਢਾਕੇ ਬੰਗਾਲੇ ਦਾ ਨਗਰ, ਜਿੱਥੇ ਗੁਰੂ ਹਰਗੋਬਿੰਦ ਜੀ ਨੇ ਪ੍ਰਚਾਰ ਲਈ ਨੱਥਾ ਫਕੀਰ ਨੂੰ ਭੇਜਿਆ ਸੀ- **ਮਪ-ਕ,ਭ/ਖ-੨/੨: ੧੫**/੬੮੪. **ਗਗ.੨: ਪੂ.੩੬**/੧੦੫੦.

'ਮਥੋ ਮੁਰਾਰੀ'

ਜ਼ਿਲ੍ਹਾ ਲਾਹੌਰ ਦੇ ਖਾਈ ਪਿੰਡ ਦਾ ਵਸਨੀਕ ਪ੍ਰੇਮਾ ਖਤ੍ਰੀ ਕੋੜ੍ਹੀ ਸੀ। ਇਹ ਗੁਰੂ ਅਮਰਦਾਸ ਜੀ ਦੁਆਰਾ ਅਰੋਗ ਹੋਇਆ, ਗੁ. ਜੀ ਨੇ ਇਸ ਦਾ ਨਾਂ 'ਮੁਰਾਰੀ' ਰੱਖਿਆ ਸੀ। 'ਮਥੋ' ਇਸ ਦੀ ਪਤਨੀ ਦਾ ਨਾਂ ਸੀ। ਇਨ੍ਹਾਂ ਨੇ ਗੁਰਮਤਿ ਦਾ ਭਾਰੀ ਪ੍ਰਚਾਰ ਕੀਤਾ[1128]- **ਮਪ.ਵ: ੪੭**/੮੯-੯੦ (ਮਥੋ3). **ਮਪ.ਕ,ਭ/ਖ-੨/੧: ੧੯**/੨੩੯-੩੭2 (ਮੁਰਾਰੀ9).

ਮਦਨ ਸਿੰਘ

ਕਾਹਨੂੰਆਣੇ ਦੇ ਛੰਭ 'ਚ ਕਿਸੇ ਜਥੇ ਦਾ ਜਥੇਦਾਰ- **ਗਗ.੪: ਉ.੨0**/੨੦੯੦ (ਹਰਿ ਮਦਨ); **ਉ.੨7**/੨੧੫੬.

ਮਦਰ ਦੇਸ

ਵੇ. 'ਪੰਜਾਬ'।

ਮਦਰਾ

ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਦਾ ਪਿੰਡ ਮੰਦਰ[1129]- **ਗੁ.ਬਿ.੬: ੯**/੩੫੪ (ਮਦ੍ਰੀ). **ਭੰਗੂ: ੮0.੧**/੧੮੮. **ਗਗ.੧: ਪੂ.੨੩**/੫੪੦ (ਮਦ੍ਰੀ).

ਮਦਾਰੀ

[1128] *ਮਹਾਨਕੋਸ਼,* ਪੰ. 945.

[1129] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂ ਅੰਕਿਤ,* ਪੰ. 188 (ਫੁਨੋ.)

ਸ਼ੇਖ ਮੁਹੰਮਦ ਤੈਫੂਰੀ ਦਾ ਚੇਲਾ ਬਦੀਉੱਦੀਨ ਜਿਸ ਦਾ ਪ੍ਰਸਿੱਧ ਨਾਂ ਮਦਾਰ ਸੀ, ਤੋਂ ਚੱਲਿਆ ਇੱਕ ਮੁਸਲਮਾਨ ਫਿਰਕਾ[1130]- **ਗਗ.੧: ਪੂ.੨**/੩੧੪. **ਗਗ.੪: ਉ.੨੪**/੨੦੮੪.

ਮਦੀਨਾ

ਅਰਬ ਦਾ ਪ੍ਰਸਿੱਧ ਸ਼ਹਿਰ ਜਿੱਥੇ ਮੁਹੰਮਦ ਸਾਹਿਬ ਦਾ ਜਨਮ ਹੋਇਆ। ਇਥੇ ਉਨ੍ਹਾਂ ਦੀ ਕਬਰ ਵੀ ਮੌਜੂਦ ਹੈ[1131]- **ਬਾਲਾ:** ੩੧-੩੨/੨੯੭੩. ਗਿਆ: ੨੩੨, ੨੮੭, ੨੯੪, ੫੧੧੨, ੫੧੯੨, ੫੪੦-੪੨੪, ੫੫੯੨, ੫੬੨. ਛਿਬਰ: **੧੨**/੧੩੪, ੩੭੨; **੧੦**/੯੬. **ਮਪ.ਕ,ਭ.੧: ੪੪**/੩੧੯-੨੧੨; **੪੫**/੩੫੦-੫੫੫; **੪੬**/੩੬੧-੬੨੬. **ਭੰਗੂ: ੮**/੨੦ (ਮਦੀਨੋ). **ਗਗ.੧: ਪੂ.੧੨**/੪੪੨. **ਗਗ.੨:ਪੂ.੩੦**/੯੦੦.

ਮਦੋਦਰੀ

ਅਸਲ ਨਾਂ ਦਮੋਦਰੀ ਜੀ, ਛੇਵੇਂ ਗੁ. ਦੇ ਪਹਿਲੇ ਮਹਿਲ ਅਤੇ ਬਾਬਾ ਗੁਰਦਿੱਤਾ ਦੇ ਮਾਤਾ ਜੀ- **ਛਿਬਰ: ੬**/੪੬, ੫੩.

ਮਨਸਾ ਦੇਈ/ਦੇਵੀ

ਗੁਰੂ ਅਮਰਦਾਸ ਜੀ ਦੀ ਸੁਪਤਨੀ ਦਾ ਨਾਂ- **ਗੁ.ਬਿ.੬: ੮**/੨੮੭-੮੮ (ਮਾਤ2, ਨਾਨੀ). **ਛਿਬਰ: ੨**/੧੫; **੩**/੨੪, ੨੭; **੬**/੫੦ (ਨਾਨੀ2). **ਮਪ.ਵ: ੫੩**/੯੫ (ਬਡੀ ਮਾਤਾ ਜੀ). **ਮਪ.ਕ,ਭ/ਖ.੨/੧: ੧੮**/੩੭੪ (ਸ੍ਰੀ ਜਗ-ਮਾਤਾ). **ਗਗ.੧: ਪੂ.੧੫**/੪੬੭. **ਗਗ.੩: ਪੂ.੫੩**/੧੪੦੧.

ਮਨਸਾ ਰਾਮ[1]

ਕੇਸਰ ਸਿੰਘ ਛਿਬਰ ਅਨੁਸਾਰ ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਬੀੜ ਦੀ ਸੰਪਾਦਨਾ ਸਮੇਂ ਕੋਈ ਲਿਖਾਰੀ- **ਛਿਬਰ: ਪੂ**/੩੭.

ਮਨਸਾ ਰਾਮ[2]

ਮੋਮਨ ਖਾਂ ਪਠਾਨ ਵਲੋਂ ਸਿੰਘਾਂ ਤੇ ਹੱਲਾ ਕਰਵਾਉਣ ਲਈ 'ਕੁੰਦਲਪੁਰ' ਤੋਂ ਮੰਗਵਾਏ ਦੋ ਪੂਰਬੀਆਂ ਵਿਚੋਂ ਇਕ- **ਭੰਗੂ: ੮੦.੩**/੧੯੩੨. **ਗਗ.੪: ਉ.੨੧**/੨੦੫੮ (ਮਨਸਾ ਰਾਮੂੰ).

[1130] ਗਿ. ਕਿਰਪਾਲ ਸਿਘੰ (ਸੰਪਾ.), *ਪੂਰਵ ਅੰਕਿਤ*, ਪੰ. 314.

[1131] *ਮਹਾਨਕੋਸ਼*, ਪੰ. 946.

ਮਨਸਾ ਰਾਮ[3]

ਧੀਰ ਗੋਤ ਦੇ ਪ੍ਰੇਮੀ ਸਿੱਖ ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ[1132]- **ਗਗ.੧; ਪੂ.੨੩**/੫੪੬.

ਮਨਸੁਖ

ਲਾਹੌਰ ਦਾ ਬਾਣੀਆ, ਜੋ ਭਾਈ ਭਗੀਰਥ ਦੀ ਸੰਗਤ ਕਰਕੇ ਗੁਰੂ ਨਾਨਕ ਦਾ ਸਿੱਖ ਹੋਇਆ। ਗੁ. ਜੀ ਨੇ ਇਸ ਨੂੰ 'ਸੰਗਲਾਦੀਪ' ਪ੍ਰਚਾਰ ਲਈ ਭੇਜਿਆ[1133]- ਗਿਆ: **੨੯੮-੩੦੧੫** (ਬਾਣੀਏ4), ੩੯੪ (ਬਾਣੀਆਂ4). **ਗਗ.੧: ਪੂ.੧੪**/੪੫੯.

ਮਨਸੂਰ

ਮਨਸੂਰ ਅਲ ਹਲਾਜ, ਬਗਦਾਦ ਦਾ ਪ੍ਰਸਿੱਧ ਸੂਫੀ ਫਕੀਰ, ਜਿਸ ਨੇ 'ਅਨ ਅਲ ਹੱਕ' ਦਾ ਨਾਅਰਾ ਮਾਰਿਆ ਸੀ। ਕੱਟੜ ਸੁੰਨੀ ਮੌਲਾਣਿਆਂ ਨੇ ਕੁਫਰ ਦਾ ਦੋਸ਼ ਲਾ ਕੇ ਇਸ ਨੂੰ ਮੌਤ ਦੀ ਸਜਾ ਸੁਣਾਈ ਸੀ[1134]- **ਕੁ.੧੦:** ੪/੫੨. **ਭੰਗੂ: ੮੮**/੨੧੯2; **੧੦੪**/੨੭੧; **੧੦੭**/੨੭੬, **੧੧੯.੧**/੩੧੨ (ਮਨਸੂਰਹਿਅਲੀ). **ਗਗ.੨: ਪੂ.੩੯**/੧੧੪੨. **ਗਗ.੪: ਉ.੨੯**/੨੧੭੦, ੯੨; **ਉ.੩੦**/੨੧੯੮; **ਉ.੩੩**/੨੨੫੩; **ਉ.੩੪**/੨੨੬੪. **ਗਗ.੫: ਉ.੩੭**/੨੩੨੨ (ਮਨਸੂਰ ਅਲੀ).

ਮਨਸੂਰਪੁਰ

ਵੇ. 'ਛੀਟਾਂਵਾਲਾ'

ਮਨਹੇੜਾ

ਸਰਹਿੰਦ ਦੇ ਨਜ਼ਦੀਕ ਕੋਈ ਨਗਰ, ਜਿਥੇ ਜੈਨ ਖਾਂ (ਸੂਬਾ ਸਰਹੰਦ) ਦਾ ਡੇਰਾ ਸੀ- **ਗਗ.੫: ਉ.੪੪**/੨੪੪੪.

ਮਨਕੇਰਾ

ਪਾਕਿਸਤਾਨ ਵਿਚ ਗੁਜਰਾਂਵਾਲੇ ਦੇ ਨੇੜੇ ਦਾ ਨਗਰ- **ਗਗ.੫: ਉ.੫੭**/੨੭੮੦-੮12.

[1132] *ਮਹਾਨਕੋਸ਼*, ਪੰ. 948.

[1133] ਉਹੀ, ਪੰ. 949.

[1134] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ, ਪੰ. 219 (ਫੁਨੋ.)।*

ਮੰਨਾ ਸਿੰਘ[1]

ਸੁਧਾਸਰ ਦੇ ਜੰਗ ਸਮੇਂ ਬਾਬਾ ਦੀਪ ਸਿੰਘ ਜੀ ਨਾਲ ਸ਼ਹੀਦ ਹੋਇਆ ਸੂਰਮਾ- **ਗਗ.੫: ੳ.੫੦**/੨੫੫੭.

ਮੰਨਾ ਸਿੰਘ[2]

ਮਜੀਠੀਆ ਸਰਦਾਰ ਸ. ਇੱਜ਼ਤ ਸਿੰਘ ਤੇ ਸਹਿਜ ਸਿੰਘ ਦਾ ਪਿਤਾ- **ਗਗ.੫: ੳ.੫੭**/੨੭੭੪, ੭੭-੭੯੫.

ਮਨੀ ਸਿਘ

ਭਾਈ ਸਿੰਘ ਜੀ, ਆਲੀਪੁਰ ਜ਼ਿਲ੍ਹਾ ਮੁਲਤਾਨ ਵਾਸੀ ਮਾਈਦਾਸ ਦੇ ਪੁੱਤਰ। ਆਪਣੇ ਪੁੱਤਰਾਂ ਸਮੇਤ ਦਸ਼ਮੇਸ਼ ਜੀ ਤੋਂ ਅੰਮ੍ਰਿਤਪਾਨ ਕੀਤਾ। ਗੁ. ਜੀ ਦੁਆਰਾ ਦਮਦਮਾ ਸਾਹਿਬ ਵਿਖੇ ਆਦਿ ਬੀੜ ਇਨ੍ਹਾਂ ਤੋਂ ਤਿਆਰ ਕਰਵਾਈ। 1737 ਈ. ਨੂੰ ਲਾਹੌਰ ਵਿਖੇ ਇਨ੍ਹਾਂ ਨੂੰ ਬੰਦ-ਬੰਦ ਕੱਟ ਕੱਟ ਕੇ ਸ਼ਹੀਦ ਕੀਤਾ ਗਿਆ[1135]- ਗਿਆ: ੧੯੩2 (ਮਹਾਹੰਸ), ੧੯੪-੨੧੮3 (ਭਾਈ ਜੀ15), ੪੨੦-੨੧2, ੫੦੫2, ੫੯੫2, ੬੧੬2, ੬੩੦2. **ਗੁ.ਬਿ.੬: ੧**/੨-੨੧12 (ਸੁਖਕਾਰ, ਕ੍ਰਿਪਾਲ); **੨**/੩੩-੩੯3; **੩**/੪੬; **੪**/੮੮-੧੧212 (ਮਹਾਰਾਜ, ਪ੍ਰਭ ਦੀਨਾ ਨਾਥ, ਸੁਖਮਾਨ); **੫/**੧੨੨-੧੨੪6; **੬**/੧੫੮; **੭**/੧੮੬-੮੭2, ੨੦੦; **੮**/੨੦੭-੮੪8 (ਪ੍ਰਭ, ਗੁਰ); **੯**/੩੦੮, ੩੩੬-੩੯3, ੩੭੨, ੩੮੨; **੧੦**/੪੨੩; **੧੨**/੪੬੦2 (ਮਹਾਰਾਜ, ਬਡ ਗਯਾਨ); **੧੩**/੪੮੦-੮੨5 (ਬਡ ਗਯਾਨ) **੧੬**/੫੫੧ (ਮਨੀ ਸਿੰਘ, ਪ੍ਰਭ); **੧੮**/੫੯੬, ੬੧੦3 (ਪ੍ਰਭ2, ਗੁਰ2, ਹੰਸ ਸਮਾਨ). ੧੯/੬੪੦; **੨0**/੬੯੭2 (ਸੁਖਕਾਰੀ); **੨੧**/੭੪੪, ੭੯੯. **ਕੁ.੧0: ੧**/੧੮ (ਸਿੰਘ ਮਨੀ2); **੨**/੨੬; **੪**/੪੮; **੫**/੭੪; **੬**/੮੨, ੯੫2; **੮**/੧੨੩2; **੯**/੧੩੪; **੧੬**/੧੯੩, ੨੦੦; **੨੧**/੨੮੯-੯੬7. ਛਿਬਰ: **੧੦**/੧੦੧; **੧੩**/੧੪੩2; **੧੪**/੧੫੧, ੫੯. **ਭੰਗੂ: ੨੫**/੬੯; **੬੯.੧**/੧੬੪; **੮੪.੨**/੨੧੦2; **੮੮**/੨੧੫-੨੦23 (ਕਰਮੀ, ਧਰਮੀ, ਭਗਤਿ ਗਿਆਨੀ ਸੰਤ ਸੁਜਾਨ, ਜਤੀ-ਸਤੀ, ਮਤ ਕੋ ਪੂਰੋ, ਸਿੰਘ ਜੀ2, ਸਿੱਖਨ ਮੈਂ ਸਿੱਖ ਉਚੋ, ਭਗਤਨ ਮੈਂ ਭਗਤ ਮੂਚੋ); **੮੯**/੨੨0; **੯੭**/੨੪੬; **੧੦੬**/੨੭੩; **੧੧੦**/੨੮੫; **੧੧੧**/੨੮੯2; **੧੧੨**/੨੯੧; **੧੫੧**/੩੮੯-੯੭2; **੧੫੫**/੪੦੨. **ਗਗ.੧: ਪੂ.੧**/੩੧੦; **ਪੂ**/੩੪੬. **ਗਗ.੩: ਪੂ.੬੭**/੧੬੫੮;

[1135] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ*, ਪੰ. 164 (ਫੁਨੋ.).

ਪੂ.੬੮/੧੬੭੯, ੮੧; **ਪੂ.੭੧**/੧੭੧੪. **ਗਗ.੪: ਉ.੭**/੧੮੪੬; **ਉ.੧੪**/੧੯੨੫; **ਉ.੧੮**/੧੯੯੮-੯੯2; **ਉ.੨੨**/੨੦੬੬-੬੭2; **ਉ.੨੬**/੨੧੩੪; **ਉ.੨੭**/੨੧੫੯; **ਉ.੨੮**/੨੧੬੩; **ਉ.੨੯**/੨੧੬੯-੯੫50 (ਮਨੀ10, ਗਯਾਨੀ, ਬਾਲਕ, ਆਕਲ, ਆਰਫ, ਬ੍ਰਹਮ ਗਿਯਾਨੀ, ਗਯਾਨੀ ਸੰਤ ।ਹੁਤੋ। ਪੂਰਨ); **ਉ.੩੦**/੨੧੯੬3; **ਉ.੩੩**/੨੨੫੩; **ਉ.੩੪**/੨੨੬੦, ੭੧. **ਗਗ.੫: ਉ.੪੪**/੨੪੪੩; **ਉ.੪੫**/੨੪੫੬, ੬੩; **ਉ.੫੨**/੨੬੪੨, ੪੯-੫੦4; **ਉ.੬੦**/੨੯੨੪.

> "ਸ਼ਹੀਦ ਭਾਈ ਮਨੀ ਸਿੰਘ ਜੀ ਸੰਬੰਧੀ ਸਾਨੂੰ ਗਿਆ, ਗੁ.ਬਿ.੬, ਕੁ.੧0, ਛਿਬਰ, ਭੰਗੂ ਅਤੇ ਗਿਆਨ ਸਿੰਘ ਕ੍ਰਿਤ ਵਿਚੋਂ ਲਗਪਗ 270 ਹਵਾਲੇ ਪ੍ਰਾਪਤ ਹੋਏ ਹਨ। ਜੋ ਲਗਪਗ ਮਨੀ ਸਿੰਘ ਅਤੇ ਸਿੰਘ ਮਨੀ ਸਿਰਲੇਖ ਅਧੀਨ ਹੀ ਹਨ। ਕੁਝ ਕੁ ਸਿਰਲੇਖ ਹੋਰ ਰੂਪਾਂ ਜਿਵੇਂ ਆਕਲ, ਆਰਫ, ਬ੍ਰਹਮ ਗਿਆਨੀ, ਸੰਤ।ਰੁਤੋ। ਵਹਿ ਪੂਰੋ, ਮੱਨੀ, ਬਾਲਕ ਜਤ ਸਤ ਕੋ ਪੂਰੇ, ਸੰਤ ਸੁਜਾਨ, ਕਰਮੀ ਅਤੇ ਧਰਮੀ, ਵੀ ਸਾਡੇ ਸਨਮੁਖ ਹੁੰਦੇ ਹਨ।"

ਮਨੀਕਰਨ

ਸ੍ਰੀ ਹਰੀ ਹਰਿ ਘਾਟ (ਹਿਮਾਚਲ ਪ੍ਰਦੇਸ਼) ਵਿਖੇ ਗੁਰਦੁਆਰਾ ਮਨੀਕਰਨ ਸਾਹਿਬ[1136]- **ਗਗ.੩: ਪੂ.੬੮**/੧੬੭੫.

ਮਨੀ ਮਾਜਰਾ

ਚੰਡੀਗੜ੍ਹ ਦੇ ਨਜ਼ਦੀਕ ਪਿੰਡ, ਜਿਸ ਨੂੰ ਗੰਗਾ ਰਾਮ ਦੇ ਪੁੱਤਰ ਗਰੀਬ ਦਾਸ ਨੇ 1764 ਈ. ਵਿਚ ਆਪਣੀ ਰਾਜਧਾਨੀ ਬਣਾਇਆ ਸੀ[1137]- **ਭੰਗੂ: ੧੫੬**/੪੦੬, 09 (ਮਨੈ ਮਾਜਰੀਓ, ਮਨੇ ਮਾਜਰੀਏ). **ਗਗ.੩: ਪੂ.੫੩**/੧੪੦੦ (ਮਨੁ ਮਾਜਰੇ).

ਮਨੋਹਰ ਦਾਸ

ਪ੍ਰਿਥੀ ਚੰਦ ਦਾ ਬੇਟਾ, ਸੋਢੀ ਮਿਹਰਵਾਨ- **ਮਪ.ਵ:** ੯੫/੧੪੧-੪੨2. **ਮਪ.ਕ,ਭ/ਖ-੨/੨: ੧੭/**੪੮੮-੮੯4

1136 ਡਾ. ਰਤਨ ਸਿੰਘ ਜੱਗੀ (ਸੰਪਾ.), *ਪੂਰਵ ਅੰਕਿਤ,* ਪੰ. 406 (ਫੁਨੋ.)।

1137 ਬਲਵੰਤ ਸਿੰਘ ਢਿੱਲੋਂ (ਸੰਪਾ.), *ਪੂਰਵ ਅੰਕਿਤ,* ਪੰ. 406 (ਫੁਨੋ.)।

ਮਨੌਲੀ

ਹਿਮਾਚਲ ਪ੍ਰਦੇਸ਼ ਦਾ ਪਹਾੜੀ ਸਥਾਨ 'ਮਨਾਲੀ' ਜੋ ਕੁੱਲੂ ਦੇ ਨਜ਼ਦੀਕ ਹੋਣ ਕਾਰਨ 'ਕੁੱਲੂ ਮਨਾਲੀ' ਵਜੋਂ ਪ੍ਰਸਿੱਧ ਹੈ- **ਗਗ.੫: ਉ.੫੪**/੨੭੦੨-੦੪੫.

ਮਰਦਾਨਾ/ਮਰਦਾਨਾ ਰਬਾਬੀ

ਗੁਰੂ ਨਾਨਕ ਦੇਵ ਜੀ ਦਾ ਸਾਥੀ ਭਾਈ ਮਰਦਾਨਾ ਜੀ। ਜੋ ਅਖੀਰੀ ਸਵਾਸਾਂ ਤੱਕ ਗੁਰੂ ਨਾਨਕ ਜੀ ਦੇ ਨਾਲ ਰਿਹਾ ਅਤੇ ਕੀਰਤਨ ਸਮੇਂ ਰਬਾਬ ਵਜਾਇਆ ਕਰਦਾ ਸੀ- **ਪੁਰਾ: ੯**/੩੮ (ਮਰਦਾਨਾ ਡੂਮੁ); **੧0**/੪੨ (ਮਰਦਾਨਾ ਡੂਮੁ); **੧੧**/੪੩-੪੬6; **੧੨**/੪੯-੫੧15; **੧੩**/੫੨3; **੧੪**/੫੪-੫੬4; **੧੬**/੫੯-੬05; **੧੭**/੬02; **੧੯**/੬੫-੬੭8; **੨0**/੬੭2; **੨੧**/੬੮; **੨੩**/੭੪-੭੯13; **੨੪**/੭੯-੮੦6; **੨੫**/੮੩-੮੪7; **੨੭**/੮੫3; **੩੦**/੯੫-੯੮26; **੩੧**/੯੯-੧੦੧15; **੩੨**/੧੦੬-੧੧8; **੩੩**/੧੧੩2; **੩੪**/੧੧੪-੧੫2; **੩੫**/੧੧੬-੨੭7; **੩੭**/੧੩੭2. **ਬਾਲਾ: ੧**/੧੬੭; **੯**/੧੯੮13 (ਮਰਦਾਨਾ ਡੂਮਿ2, ਮਰਦਾਨਾ ਡੂਮੇਟਾ); **੧੩**/੨੨0-੨੬80 (ਕੁਰਾਹੀ ਦਾ ਡੂਮ2); **੧੪**/੨੨੭-੩੨72 (ਡੂਮ); **੧੫**/੨੩੩-੩੬32 (ਡੂਮੇਟਾ, ਮਰਦਾਨਾ ਮਿਰਾਸੀ); **੧੭**/੨੩੯-੪੦18 (ਬਿਆਕੁਲ ਛੂਮਿ, ਮਰਦਾਨਾ ਮਿਰਾਸੀ); **੧੮**/੨੪੧-੪੫3; **੧੯**/੨੪੬12; **੨੦**/੨੪੬-੪੭18; **੨੨**/੨੫੦-੫੮21; **੨੩**/੨੫੮-੬੦65 (ਡੂਮੁ); **੨੪**/੨੬0-੬੨28; **੨੫**/੨੬੨-੬੩13; **੨੬**/੨੬੪-੭੪68 (ਮਿਰਾਸੀ2); **੨੭**/੨੭੭-੭੮13; **੨੮**/੨੮0-੮੪23 (ਸਚਾ); **੨੯**/੨੮੪-੮੫7; **੩੦**/੨੮੫-੯੫81; **੩੧**/੨੯੫-੯੭50 (ਬਾਬਾ); **੩੨**/੨੯੭-੩੦੧24; **੩੩**/੩੦੨-੦੩6; **੩੪**/੩੦੩-੦੫32; **੩੫**/੩੦੬-੦੯43; **੩੬**/੩੦੯-੧੪25; **੩੭**/੩੧੪-੩੨76; **੩੮**/੩੩੩-੪੯30; **੩੯**/੩੫੦-੫੪15; **੪੦**/੩੫੪-੫੮33 (ਭਾਈ); **੪੧**/੩੫੮-੬੧18; **੪੨**/੩੬੧-੬੨18; **੪੩**/੩੬੨-੬੪28; **੪੪**/੩੬੪2; **੪੫**/੩੬੯7; **੪੬**/੩੭0-੭੨40; **੪੮**/੩੮੦2; **੪੯**/੩੮0-੮੧3 (ਬਾਬਾ/ਬੇ2); **੫੧**/੩੮੪2; **੫੪**/੩੯੧; **੬੯**/੪੩੩. ਮਿਹ.**੧: ੨੪**/੭੩ (ਮਰਦਾਨਾ ਡੂਮੁ3); **੩੪**/੧੦੫; **੩੫**/੧੦੬-੦੯28 (ਪੁਰਖ, ਬਚਾ); **੩੬**/੧੦੯-੧੧35; **੩੭**/੧੧੨-੧੪4; **੩੯**/੧੧੬-੧੭7; **੪੦**/੧੧੭; **੬੨**/੨੦੩-੦੪7;**੬੩**/੨੦੬-੦੮41; **੬੪**/੨੧੦49; **੬੮**/੨੨੧4; **੬੯**/੨੨੬-੨੮37; **੭੦**/੨੨੯-੩੦16; **੭੧**/੨੩੧3 (ਰਬਾਬੀ);

੭੨/੨੩੨; **੮੮**/੨੮੯-੯੦29 (ਡੂਮ ਕੁੜਿਆਰ); **੯0**/੨੯੪-੯੬9; **੯੮**/੩੨੩; **੦੦**/੩੨੬-੩੧27; **੧੦੩**/੩੩੯; **੧੦੭**/੩੫੬-੫੮15; **੧੦੮**/੩੫੮11; **੧੨੭**/੪੧੯-੨੨6; **੧੩੦**/੪੩੦-੩੪11; **੧੩੫**/੪੫੦2; **੧੩੯**/੪੬੩6; **੧੪੦**/੪੬੬-੭੦7; **੧੪੧**/੪੭੦-੭੩16 (ਮਰਦਾਨਾ ਡੂਮ2); **੧੫੨**/੫੧੨-੧੫22. **ਹਰਿ.੨; ੪**/੬੬; **੧੨**/੧੪੩-੪੫2 (ਰਬਾਬੀ4); **੫੨**/੩੧੯. **ਚਤੁ.੩: ੩੯**/੫੧੧; **੪੧**/੫੧੫-੧੮8; **੫**/੫੬੭2; **੬੫**/੫੭੯-੮੪15 (ਪੁਰਖ); **੬੬**/੫੮੪-੮੫6 (ਪੁਰਖ3); **੬੯**/੫੯੯-੬੦੧2 (ਪੁਰਖ ਮਰਦਾਨਾ2); **੭੧**/੬੦੭-੧੦ (ਮਰਦਾਨਾ/ਪੁਰਖ ਮਰਦਾਨਾ28); **੭੨**/੬੧੧-੧੪. ਗਿਆ**:** ੨੫੪-੬੧3 (ਦਾਨਾ ਮੀਰਾਸੀ), ੨੮੦2, ੨੯੮-੦੧12, ੩੧੫-੧੭8, ੩੬੪-੬੧੬224. **ਗੁ.ਬਿ.੬: ੪**/੧੦੦-੦੧6 (ਵਡਭਾਗੇ); **੭**/੧੮੯-੯੨3 **੮**/੨੯੨5; **੯**/੩੯੪; **੧੮**/੫੯੭2, ੬੨੫; **੨੧**/੭੮੨-੮੩2. **ਸੁ.੧੦: ੨**/੨੮. ਛਿਬਰ**: ੧**/੧੦੪; **੨**/੨੦. **ਮਪ.ਵ: ੧੩**/੪੧-੪੪74 (ਮਰਦਾਨਾ ਢਾਢੀ11); **੧੪**/੪੪-੪੯8. **ਮਪ-ਕ,ਭ.੧: ੧੫**/੧੦੬-੦੮2 (ਮਰਦਾਨਾ ਢਾਢੀ); **੧੭**/੧੧੯-੨੪15 (ਪੁਰਾਤਨ ਮੀਤ, ਢਾਢੀ); **੧੮**/੧੨੬-੨੭2; **੧੯**/੧੨੮-੩੦੪; **੨੩**/੨੪੩-੪੫੪; **੨੪**/੧੪੭-੫੪2; **੩੧**/੧੮੭2; **੩੪**/੨੩੮; **੩੫**/੨੬੭5; **੩੭**/੨੭੬4; **੩੮**/੨੭੮-੮੫6; **੪੦**/੨੯੬-੯੯2; **੪੨**/੩੦੮-੦੯5; **੪੩**/੩੧੨੨; **੪੪**/੩੧੫-੧੬5 (ਮਰਦਾਨਾ ਯਾਰ); **੪੫**/੩੫੦-੫੪5; **੪੬**/੩੫੭-੬੩6; **੪੭**/੩੬੬-੬੭4; **੪੮**/੩੬੯-੭੧8 (ਫਕੀਰ); **੪੯**/੩੭੨3. **ਭੰਗੂ: ੪**/੧੨-੧੪ (ਮਰਦਾਨੈਂ); **੬**/੧੬; **੮**/੧੮-੨੦੪; **੧੦੪**/੨੬੫2. **ਗਗ.੧: ਪੂ.੪**/੩੪੯ (ਮਰਦਾਨਾ ਦਾਸ); **ਪੂ.੬**/੩੬੩-੬੪4; **ਪੂ.੭**/੩੭੫-੮੨23; **ਪੂ.੮**/੩੯੦-੯੨2; **ਪੂ.੯**/੪੦੦-੧੦7 (ਭਾਈ); **ਪੂ.੧੦**/੪੧੨-੨੩6 (ਗੁਰ ਕੇ ਪ੍ਰੇਮੀ); **ਪੂ.੧੧**/੪੨੫, ੩੧; **ਪੂ.੧੨**/੪੩੯-੪੭7. **ਗਗ.੩: ਪੂ.੬੧**/੧੫੭੨. **ਗਗ.੫: ਉ.੫੨**/੨੬੦੧-੦੨੯.

> "ਭਾਈ ਮਰਦਾਨਾ ਜੀ ਸੰਬੰਧੀ ਵਿਚਾਰਾਧੀਨ ਸਾਰੇ ਗ੍ਰੰਥਾਂ ਵਿਚੋਂ ਸਾਨੂੰ ਲੱਗਪਗ 2150 ਹਵਾਲੇ ਪ੍ਰਾਪਤ ਹਨ। ਸਭ ਤੋਂ ਵੱਧ ਹਵਾਲੇ ਬਾਲਾ (ਲਗਪਗ 1037) ਅਤੇ ਮਿਹਰਬਾਨ(ਲਗਪਗ 480) ਜਨਮਸਾਖੀ ਪਰੰਪਰਾ ਵਿਚੋਂ ਪ੍ਰਾਪਤ ਹੁੰਦੇ ਹਨ। ਬਾਕੀ ਗ੍ਰੰਥਾਂ ਵਿਚੋਂ 100 ਤੋਂ 250 ਦੇ ਕਰੀਬ ਹਵਾਲੇ ਹਨ। ਇਨ੍ਹਾਂ ਹਵਾਲਿਆਂ ਦੇ ਰੂਪ

ਮਰਦਾਨਾ, ਮਰਦਾਨਿਆ, ਮਰਦਾਨਾ ਡੂਮੁ, ਮਰਦਾਨਾ ਰਬਾਬੀ, ਮਰਦਾਨਾ ਮਿਰਾਸੀ,

ਰਬਾਬੀ ਅਤੇ ਡੂਮੇਟਾ ਆਦਿ ਮਿਲਦੇ ਹਨ।"

ਮਰਦੋਂ

ਅੰਬਾਲਾ ਜ਼ਿਲ੍ਹੇ ਦਾ ਪਿੰਡ ਜੋ ਰੇਲਵੇ ਸਟੇਸ਼ਨ ਮੋਹੜੀ ਤੋਂ ਤਿੰਨ ਮੀਲ ਦੱਖਣ ਪੱਛਮ ਅਤੇ ਅੰਬਾਲਾ ਛਾਉਨੀ ਤੋਂ ਚਾਰ ਮੀਲ ਹੈ[1138]- **ਗਗ.੨: ਪੂ.੪੫/**੧੨੬੫.

ਮਰਵਾਹੀ/ਮਾਤਾ ਮਰਵਾਹੀ

